# ਚਾਨਣ ਦੀ ਲਲਕਾਰ

(ਗ਼ਜ਼ਲ-ਸੰਗ੍ਰਹਿ)

**ਇਸੇ ਕਲਮ ਤੋਂ—**

**ਗ਼ਜ਼ਲ-ਸੰਗ੍ਰਹਿ**

- ਯਾਦਾਂ ਦੇ ਪੁੱਠਕੰਡੇ – ਮਾਰਚ, 2010
- ਤੁਪਕੇ ਵਿੱਚ ਸਮੁੰਦਰ – ਜਨਵਰੀ, 2011
- ਚੁੱਲ੍ਹੇ ਵਿੱਚ ਬਸੰਤਰ – ਅਪ੍ਰੈਲ, 2012
- ਕਦ ਬੋਲਾਂਗੇ – ਜਨਵਰੀ, 2014

**ਕਾਵਿ-ਸੰਗ੍ਰਹਿ**

- ਠੰਡੇ ਬੁਰਜ ਦੀ ਆਵਾਜ਼ – ਜਨਵਰੀ, 2013

**ਸੰਪਾਦਿਤ ਕਾਵਿ-ਸੰਗ੍ਰਹਿ**

- ਲਗਰਾਂ ਬਣੀਆਂ ਰੁੱਖ – ਅਪ੍ਰੈਲ, 2014
- ਸੂਰਜਾਂ ਦਾ ਕਾਫ਼ਲਾ – ਮਾਰਚ, 2016

**ਲੇਖਕ ਬਾਰੇ**

- ਕਰਮ ਸਿੰਘ ਜ਼ਖ਼ਮੀ ਦਾ ਗ਼ਜ਼ਲ ਸੰਸਾਰ – ਮਾਰਚ, 2015
  (ਸੰਪਾਦਕ : ਸੁਲੱਖਣ ਸਰਹੱਦੀ)

# ਚਾਨਣ ਦੀ ਲਲਕਾਰ

**ਕਰਮ ਸਿੰਘ ਜ਼ਖ਼ਮੀ**

**ਸੰਗਮ ਪਬਲੀਕੇਸ਼ਨਜ਼, ਸਮਾਣਾ**

# CHANAN DI LALKAR

(Ghazals)

by

Karam Singh Zakhmi
Guru Teg Bahadur Nagar,
Hareri Road, Sangrur-148001
Mobile : 98146-28027, 98885-28027
email : karamsinghzakhmi@gmail.com

ISBN 978-93-5231-113-2

© Author
2016

**Price Rs.150/-**

Published by
**Sangam Publications**
Sekhon Colony, Near Bus Stand, Samana (Patiala)
Ph. 01764-223047
Mob. 99151-03490, 98152-43917
www.sangampublications.com

Printed & Bound at:
Aarna Printing Solutions, Patiala
Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਆਪਣੀ ਬੇਹੱਦ ਪਿਆਰੀ ਪੋਤੀ
ਸੁਖਨਦੀਪ ਕੌਰ ਨੂੰ

## ਤਰਤੀਬ


- ਗ਼ਜ਼ਲਾਂ ਤੋਂ ਪਹਿਲਾਂ /9
- ਜਦ ਵੀ ਲੈ ਕੇ ਸੀਨੇ ਵਿੱਚ /11
- ਫੇਰ ਡਿੱਗਣ ਦਾ ਕਦੇ ਨਾ /12
- ਖੇਡਿਆ ਜਦ ਜਾਨ ’ਤੇ /13
- ’ਕੱਲਿਆਂ ਹੀ ਤੁਰਨ ਦੇ /14
- ਤੰਗੀਆਂ ਤੇ ਤੁਰਸ਼ੀਆਂ /15
- ਮੱਥਿਆਂ ਵਿੱਚ ਹੈ ਜਿਨ੍ਹਾਂ ਦੇ /16
- ਨ੍ਹੇਰਿਆਂ ਨੂੰ ਕਹਿ ਦਿਓ /17
- ਧਰਮਾਂ ਵਾਲੇ ਭੇਖ ਬਣਾਈਂ /18
- ਵਿਕ ਜਾਵੇ ਜੋ ਝੁਕ ਜਾਵੇ ਜੋ /19
- ਦੇਖਣ ਨੂੰ ਹੀ ਬੰਦਾ ਹੈ /20
- ਤਿੱਪ ਤਿੱਪ ਚੋਂਦੇ ਠੰਢੇ ਹੌਕੇ /21
- ਜ਼ਿੰਦਗੀ ਦਾ ਭੋਗਣਾ ਬਣਵਾਸ /22
- ਦੋਸਤਾਂ ਦੀ ਦੁਸ਼ਮਣੀ /23
- ਤਣੇ ਹੀ ਨਾ ਰਹੋ ਅਸਮਾਨ ਬਣ ਕੇ /24
- ਸਿਰਫ਼ ਇੱਕ ਵਾਰੀ ਕਿਸੇ ਪਲ /25
- ਬਾਲ਼ ਕੇ ਦੀਵੇ ਲਹੂ ਦੇ /26
- ਹਨੇਰਾ ਜ਼ੁਲਮ ਦਾ ਅੜਿਐ /27
- ਕਦਮ ਕਦਮ ’ਤੇ ਹਾਕਮ ਨੇ /28
- ਤਾਜਾਂ ਨੂੰ ਨੱਥ ਪਾਉਂਦੇ /29
- ਲੱਖ ਚੁਰਾਸੀ ਉੱਤੇ ਭਾਵੇਂ /30
- ਮਰਦੀ ਮਰਦੀ ਮਰਗੀ ਦੁਨੀਆਂ /31
- ਕਹਿਣਾ ਸੱਚ ਮਨਾਹੀ ਹੈ /32
- ਨਿਰਧਨ ਵੀ ਧਨਵਾਨ ਬਣੇ /33
- ਨੈਣਾਂ ਨੂੰ ਭਰਮਾਉਂਦੇ ਨੈਣ /34
- ਤੇਰੀ ਜਦੋਂ ਭੁਲਾਈ ਯਾਦ /35
- ਅੰਦਰੋਂ ਵਿਸ਼ਵਾਸ ਜੇਕਰ /36
- ਕਰ ਸਕਾਂਗੇ ਜੋ ਕਰਾਂਗੇ /37
- ਮਿਲਣਗੇ ਰਸਤੇ ਕਦੇ ਤਾਂ /38
- ਚੁੰਝ ਖ਼ਾਲੀ ਕਿਰਤ ਦੀ /39
- ਖ਼ੁਦੀ ’ਤੇ ਹੀ ਜਦੋਂ ਵਿਸ਼ਵਾਸ /40
- ਸੀਨਿਆਂ ਵਿੱਚ ਹੋਣਗੇ /41
- ਹੁੰਦੇ ਰਹਿੰਦੇ ਖੜਕੇ ਦੜਕੇ /42
- ਲੋਕ ਪੁਆੜੇ ਪਾ ਜਾਂਦੇ ਨੇ /43
- ਜੇਕਰ ਜਿਉਂਦੇ ਰਹਿਣਾ /44
- ਖ਼ੂਬ ਸਹੀ ਹੈ ਨਾਦਰਸ਼ਾਹੀ /45
- ਉਹ ਜਦੋਂ ਵੀ ਯਾਦ ਆਇਆ /46
- ਲੋਚਦਾ ਹੈ ਦਿਲ ਹਮੇਸ਼ਾ /47
- ਜਦੋਂ ਹੰਕਾਰਿਐ ਬੰਦਾ /48
- ਆਦਮੀ ’ਚੋਂ ਆਦਮੀ ਨੂੰ /49
- ਪੱਲੇ ਜਿਨ੍ਹਾਂ ਦੇ ਸੱਚ ਆਚਾਰ /50
- ਹਰਦਮ ਰਹਿੰਦੇ ਜੂਝਦੇ /51
- ਬਾਗ਼ੀ ਹੋਇਆ ਚਾਨਣਾ /52
- ਹਿੰਦੂ ਸਿੱਖ ਤਾਂ ਬਣ ਗਿਆ /53
- ਸ਼ਬਦ ਬਣੇ ਸ਼ਮਸ਼ੀਰ /54
- ਹੋ ਕੇ ਜਦੋਂ ਇਕੱਠੇ ਚੱਲੇ /55
- ਫਿਰਦੇ ਆਪ ਮੁਹਾਰੇ ਲੋਕ /56
- ਸਿਰ ’ਤੇ ਜਦੋਂ ਸਜਾਈ ਪੱਗ /57
- ਬੰਦੇ ਨੂੰ ਜਦ ਚੜ੍ਹੇ ਜ਼ਨੂੰਨ /58
- ਗੋਰੇ ਭਾਵੇਂ ਕਾਲ਼ੇ ਨਾਲ /59
- ਕਿਹੋ ਜਿਹਾ ਚੰਦਰਾ ਜ਼ਮਾਨਾ /60
- ਸਮੇਂ ਨੂੰ ਸਮਝ ਕੇ ਬੰਦਾ /61
- ਬਰਫ਼ ਦੀ ਬਲ਼ਦੀ ਨਦੀ ਹੈ /62
- ਨੀਂਦ ਵਿੱਚ ਹਰਦਮ ਖਿਡੌਣੇ /63
- ਸਹਾਰੇ ਹਰ ਕਦਮ ’ਤੇ /64
- ਭਲਾਂ ਖ਼ੁਦ ਜੋ ਅਸੀਂ ਚਾਹੁੰਦੇ /65
- ਲੀਡਰ ਦਾ ਤੇ ਲੇਖਕ ਦਾ /66
- ਦੇਵੋ ਰੱਖ ਬਰਾਬਰ ਭਾਵੇਂ /67
- ਮੈਂ ਤਾਂ ਤੈਨੂੰ ਆਪਣਾ ਰੱਬ /68
- ਸ਼ਾਮ ਢਲ਼ੀ ਤੋਂ ਜਦ ਮੈਂ /69
- ਰਿਸ਼ਤੇ ਨਾਤੇ ਤਾਂ ਹੀ /70
- ਬੇਸ਼ੱਕ ਪਰਬਤ ਤੋਂ ਵੀ ਭਾਰਾ /71
- ਜੀਵਨ ਤਾਂ ਇਕ ਗਾਣਾ ਹੁੰਦੈ /72

- ਹੋਸ਼ ਭੁਲਾ ਕੇ ਭੋਗੀ ਹੋਗੇ /73
- ਮਿਟਣੋਂ ਅਸੀਂ ਬਚਾਵਾਂਗੇ /74
- ਕੀ ਕੀ ਕਰਦੇ ਕਾਰੇ ਨੇਤਾ /75
- ਭੁਪਿੰਦਰ ਸਿੰਘ ਬੋਪਾਰਾਏ /76
- ਰਜਿੰਦਰ ਸਿੰਘ ਰਾਜਨ /77
- ਜਗਜੀਤ ਸਿੰਘ ਲੱਡਾ /78
- ਤੇਜਾ ਸਿੰਘ ਵੜੈਚ /79
- ਫ਼ਰਜ਼ਾਂ ਦਾ ਨਿਗਰਾਨ ਬਣੇ /80
- ਆਪਣੇ ਪੈਰਾਂ ’ਤੇ ਹੈ ਭਾਵੇਂ /81
- ਹਰ ਥਾਂ ਹੋਈ ਬੇਕਦਰੀ /82
- ਕਿਰਤੀ ਤੇ ਕਿਰਸਾਨਾਂ ਦੇ ਸਿਰ /83
- ਐਦਾਂ ਨਾ ਤੜਫ਼ਾਇਆ ਕਰ /84
- ਸੱਜਣਾ ਸਾਥ ਨਹੀਂ ਜੇ ਤੇਰਾ /85
- ਹੱਥੀਂ ਹੁਣ ਤਕਦੀਰ ਲਿਖਾਂਗੇ /86
- ਠੱਗੀ-ਠੋਗੀ, ਚੋਰ-ਬਾਜ਼ਾਰੀ /87
- ਅੱਲ੍ਹੇ ਜ਼ਖ਼ਮ ਉਨ੍ਹਾਂ ਹੀ ਸਦਾ /88
- ਮੰਜ਼ਿਲ ਦਾ ਸਿਰਨਾਵਾਂ ਅਸੀਂ /89
- ਰੋਂਦਿਆਂ ਨੂੰ ਗਲ਼ ਲਗਾਉਣਾ /90
- ਉਲ਼ਝਦੇ ਵੀ ਆਪ ਹਾਂ /91
- ਮਸ਼ਾਲਾਂ ਬਾਲ਼ ਕੇ ਚੱਲਦੇ /92
- ਕਿਸੇ ’ਤੇ ਜ਼ੁਲਮ ਜੇ ਹੋਵੇ /93
- ਜਿੱਤ ਦਾ ਵਿਸ਼ਵਾਸ ਲੈ ਕੇ /94
- ਗ਼ੁਲਾਮੀ ਦਾ ਜਦੋਂ ਇਨਸਾਨ ਨੂੰ /95
- ਹੱਸੋ, ਨੱਚੋ, ਗਾਓ /96
- ਅੰਮ੍ਰਿਤ ਵੇਲ਼ੇ ਉੱਠ ਨਹਾਉਣਾ /97
- ਕੰਨਾਂ ਦੇ ਵਿੱਚ ਮੁੰਦਰਾਂ ਪਾਈਂ /98
- ਯਾਰਾਂ ਮਿੱਤਰਾਂ ਨੂੰ ਹੁਣ ਤਾਂ ਹੀ /99
- ਹੋਸ਼ ਕਰੋ ਕੁੱਝ ਸੋਚ ਵਿਚਾਰੋ /100
- ਪੱਤਝੜ ਵਾਂਗ ਬਹਾਰਾਂ ਹੁੰਦੀਆਂ /101
- ਸੂਲ਼ੀ ਟੰਗੇ ਸੁਪਨੇ ਲੈਂਦੇ /102
- ਪਹਿਲਾਂ ਵਰਗੀ ਰੱਖਦਾ ਨਾ /103
- ਜਾਗੋ, ਉੱਠੋ ਨੀਂਦ ਤਿਆਗੋ /104


# ਗ਼ਜ਼ਲਾਂ ਤੋਂ ਪਹਿਲਾਂ

ਸਾਹਿਤਕ ਖੇਤਰ ਵਿੱਚ ਮੈਂ ਲਗਭਗ ਪੌਣੇ ਚਾਰ ਦਹਾਕਿਆਂ ਤੋਂ ਕਾਰਜਸ਼ੀਲ ਹਾਂ। ਇਸ ਲੰਬੇ ਅਰਸੇ ਦੌਰਾਨ ਮੈਂ ਗੀਤ, ਗ਼ਜ਼ਲ, ਮਿੰਨੀ-ਕਹਾਣੀ ਅਤੇ ਲੇਖ ਆਦਿ ਹਰ ਵਿਧਾ ਵਿੱਚ ਲਿਖਿਆ ਹੈ। ਮੇਰੀਆਂ ਰਚਨਾਵਾਂ ਅਕਸਰ ਹੀ ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ ਅਤੇ ਸਾਹਿਤਕ ਪਰਚਿਆਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਪ੍ਰਸਿੱਧ ਢਾਡੀਆਂ ਅਤੇ ਗਾਇਕਾਂ ਨੇ ਮੇਰੇ ਲਿਖੇ ਗੀਤਾਂ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਗਾਇਆ ਵੀ ਹੈ ਅਤੇ ਉਨ੍ਹਾਂ ਦੀਆਂ ਕੈਸਿਟਾਂ ਵੀ ਰਿਕਾਰਡ ਕਰਵਾਈਆਂ ਹਨ। ਭਾਵੇਂ ਮੇਰਾ ਸਾਹਿਤਕ ਸਫ਼ਰ ਗੀਤਕਾਰੀ ਤੋਂ ਹੀ ਸ਼ੁਰੂ ਹੋਇਆ ਪਰ ਹੁਣ ਮੈਂ ਲਗਭਗ ਇੱਕ ਦਹਾਕੇ ਤੋਂ ਪੂਰੀ ਤਰ੍ਹਾਂ ਗ਼ਜ਼ਲ ਵਿਧਾ ਨੂੰ ਹੀ ਪ੍ਰਣਾਇਆ ਹੋਇਆ ਹਾਂ। ਤਕਨੀਕੀ ਪੱਖ ਤੋਂ ਮੈਂ ਪਿੰਗਲ ਤੇ ਅਰੂਜ਼ ਦੇ ਨਿਯਮਾਂ ਦਾ ਪੱਕਾ ਸਮੱਰਥਕ ਹਾਂ ਅਤੇ ਇਨ੍ਹਾਂ ਦਾ ਪਾਬੰਦ ਰਹਿਣ ਦੀ ਕੋਸ਼ਿਸ਼ ਵੀ ਕਰਦਾ ਹਾਂ ਪਰ ਗ਼ਜ਼ਲ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਸਬੰਧੀ ਮੈਂ ਕਿਸੇ ਵੀ ਕਿਸਮ ਦੀ ਰੋਕ-ਟੋਕ ਜਾਂ ਮਨਾਹੀ ਦੇ ਸਖ਼ਤ ਖ਼ਿਲਾਫ਼ ਹਾਂ। ਕਿਉਂਕਿ ਗ਼ਜ਼ਲ ਦੀ ਵਿਆਖਿਆ ਕਰਦਿਆਂ, ਇਸ ਦੇ ਵਿਧਾਨ ਘਾੜਿਆਂ ਵੱਲੋਂ ਸਪੱਸ਼ਟ ਸ਼ਬਦਾਂ ਵਿੱਚ ਇਹ ਕਿਹਾ ਗਿਆ ਕਿ ਗ਼ਜ਼ਲ ਦੀ ਭਾਸ਼ਾ ਹਰ ਹਾਲਤ ਵਿੱਚ ਸੰਕੇਤਕ ਹੀ ਰਹਿਣੀ ਚਾਹੀਦੀ ਹੈ ਪਰ ਜਿਨ੍ਹਾਂ ਮਿਹਨਤਕਸ਼ ਕਿਰਤੀਆਂ ਅਤੇ ਕਿਸਾਨਾਂ ਵਾਸਤੇ ਮੈਂ ਲਿਖਦਾ ਹਾਂ, ਉਹ ਤਾਂ ਅਜਿਹੀ ਇਸ਼ਾਰਿਆਂ ਵਾਲੀ ਸ਼ਬਦਾਵਲੀ ਨੂੰ ਸਮਝਣ ਤੋਂ ਬਿਲਕੁਲ ਹੀ ਅਸਮਰੱਥ ਹਨ। ਇਸੇ ਕਰਕੇ ਮੈਂ ਉਨ੍ਹਾਂ ਲੋਕਾਂ ਦੀ ਬੋਲੀ ਵਿੱਚ ਹੀ ਲਿਖਦਾ ਹਾਂ, ਜਿਨ੍ਹਾਂ ਦੇ ਦੁੱਖਾਂ ਦਰਦਾਂ ਦੀ ਮੈਂ ਗੱਲ ਕਰਦਾ ਹਾਂ। ਮੇਰਾ ਇਹ ਮੰਨਣਾ ਹੈ ਕਿ ਲੋਕ-ਬੋਲੀ ਵਿੱਚ ਕੀਤੀ ਗਈ ਲੋਕ-ਪੱਖੀ ਗੱਲ ਹੀ ਕਲਿਆਣਕਾਰੀ ਹੋ ਸਕਦੀ ਹੈ। ਮੈਂ ‘ਕਲਾ ਕਲਾ ਲਈ’ ਨਹੀਂ ਬਲਕਿ ‘ਕਲਾ ਲੋਕਾਂ ਲਈ’ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਵਿਚੋਂ ਹਾਂ। ਜੇਕਰ ਕੋਈ ਮੇਰੇ ਸ਼ਿਅਰਾਂ ਨੂੰ ਨਾਅਰੇਬਾਜ਼ੀ ਵੀ ਕਹੀਂ ਜਾਵੇ ਤਾਂ ਵੀ ਮੈਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ ਕਿਉਂਕਿ ਜੇਕਰ ਗੁਰੂ ਨਾਨਕ ਸਾਹਿਬ ਦਾ ਕਿਹਾ ‘ਰਾਜੇ ਸੀਹ ਮੁਕਦਮੁ ਕੁਤੇ’ ਨਾਅਰੇਬਾਜ਼ੀ ਹੈ ਤਾਂ ਫਿਰ ਇਹ ਨਾਅਰੇਬਾਜ਼ੀ ਮੈਨੂੰ ਆਪਣੀ ਜਾਨ ਤੋਂ ਵੀ ਪਿਆਰੀ ਹੈ। ਮੈਂ ਤਾਂ ਜੰਮਿਆ-ਪਲ਼ਿਆ ਹੀ ਉਨ੍ਹਾਂ ਲੋਕਾਂ ਵਿੱਚ ਹਾਂ, ਜਿਨ੍ਹਾਂ ਨੂੰ ਦੋ ਡੰਗ ਦੀ ਰੋਟੀ ਵੀ ਬੜੀ ਔਖੀ ਨਸੀਬ ਹੁੰਦੀ ਹੈ। ਮੇਰੇ ਖ਼ਿਆਲ ਵਿੱਚ ਅਜਿਹੇ ਲੋਕਾਂ ਦੇ ਕਿਸੇ ਕਵੀ ਕੋਲੋਂ ਪੱਥਰਾਂ ਵਰਗੇ ਕਠੋਰ ਸ਼ਬਦਾਂ ਦੀ ਥਾਂ, ਫੁੱਲਾਂ ਵਰਗੇ ਕੋਮਲ ਸ਼ਬਦਾਂ ਦੀ ਉਮੀਦ ਕਰਨੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਹੀ ਜਾ ਸਕਦੀ।

ਅਸਲ ਵਿੱਚ ਹਾਕਮ ਜਮਾਤਾਂ ਵੀ ਤਾਂ ਇਹੋ ਹੀ ਚਾਹੁੰਦੀਆਂ ਹਨ ਕਿ ਅਸੀਂ ਔਰਤਾਂ ਦੇ ਸਰੀਰਕ ਅੰਗਾਂ ਤੇ ਸ਼ਰਾਬ ਦੀਆਂ ਗਲਾਸੀਆਂ ਦੇ ਗੋਰਖਧੰਦੇ ਵਿੱਚ ਹੀ ਉਲਝਦੇ ਅਤੇ ਉਲਝਾਉਂਦੇ ਰਹੀਏ। ਲੋਕਾਂ ਨੂੰ ਜਾਗਰੂਕ ਅਤੇ ਜਥੇਬੰਦ ਕਰ ਕੇ ਸੰਘਰਸ਼ ਦੇ ਰਾਹ ਪਾਉਣ ਵਾਲੇ ਲੇਖਕ ਤਾਂ ਇਨ੍ਹਾਂ ਨੂੰ ਫੁੱਟੀ ਅੱਖ ਨਹੀਂ ਭਾਉਂਦੇ। ਸਰਕਾਰੀ ਸਨਮਾਨਾਂ ਦੀ ਚਮਕ-ਦਮਕ ਅਤੇ ਲਾਲਸਾ ਵੀ ਸਾਹਿਤਕਾਰਾਂ ਨੂੰ ਵਿਦਰੋਹੀ ਸੁਰ ਤਿਆਗ ਕੇ ਕਸ਼ੀਦਾਕਾਰੀ ਵਾਲਾ ਰਾਹ ਅਪਣਾਉਣ ਲਈ ਉਤੇਜਿਤ ਕਰਦੀ ਰਹਿੰਦੀ ਹੈ। ਲੇਖਕਾਂ ਨੂੰ ਮੈਂ ਦੋ ਵਰਗਾਂ ਵਿੱਚ ਵੰਡ ਕੇ ਦੇਖਦਾ ਹਾਂ, ਇੱਕ ਲੋਕਾਂ ਦੇ ਲੇਖਕ ਅਤੇ ਦੂਜੇ ਜੋਕਾਂ ਦੇ ਲੇਖਕ। ਪਿਛਲੇ ਦਿਨੀਂ ਜਦੋਂ ਅਸਹਿਣਸ਼ੀਲਤਾ ਵਾਲੇ ਮਸਲੇ ’ਤੇ ਪੁਰਸਕਾਰ ਵਾਪਸ ਕਰਨ ਦੀ ਮੁਹਿੰਮ ਸ਼ੁਰੂ ਹੋਈ ਤਾਂ ਇਹ ਕਤਾਰਬੰਦੀ ਸਪੱਸ਼ਟ ਰੂਪ ਵਿੱਚ ਜੱਗ ਜ਼ਾਹਰ ਹੋਈ। ਅਜੋਕਾ ਮਨੁੱਖ ਜਿਨ੍ਹਾਂ ਭਿਆਨਕ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਪ੍ਰਸਿਥਤੀਆਂ ’ਚੋਂ ਗੁਜ਼ਰ ਰਿਹਾ ਹੈ, ਅਜਿਹਾ ਪਹਿਲਾਂ ਕਦੇ ਵੀ ਦੇਖਣ ਸੁਣਨ ਵਿਚ ਨਹੀਂ ਆਇਆ। ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭਰੂਣ ਹੱਤਿਆ ਅਤੇ ਨਸ਼ਿਆਂ ਦੀ ਅਲਾਮਤ ਨੇ ਤਾਂ ਮਨੁੱਖਤਾ ਨੂੰ ਬੁਰੀ ਤਰ੍ਹਾਂ ਲਹੂ-ਲੁਹਾਣ ਕਰ ਰੱਖਿਆ ਹੈ। ਸੱਚ ਕਹਿਣ ਵਾਲੇ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਅੱਤਵਾਦ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਲੋਕਤੰਤਰ ਦੇ ਪਰਦੇ ਹੇਠ ਸ਼ਰੇਆਮ ਔਰੰਗਜ਼ੇਬੀ ਫ਼ੁਰਮਾਨ ਜਾਰੀ ਕੀਤੇ ਜਾ ਰਹੇ ਹਨ ਅਤੇ ਲੋਕਾਂ ਤੋਂ ਜਿਉਣ ਦਾ ਬੁਨਿਆਦੀ ਹੱਕ ਹੀ ਖੋਹਿਆ ਜਾ ਰਿਹਾ ਹੈ। ਅਜਿਹੇ ਸੰਵੇਦਨਸ਼ੀਲ ਹਾਲਾਤਾਂ ਵਿੱਚ ਸਾਡੀ ਲੇਖਕਾਂ ਦੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ।

ਹੱਥਲੀ ਪੁਸਤਕ ‘ਚਾਨਣ ਦੀ ਲਲਕਾਰ’ ਮੇਰਾ ਪੰਜਵਾਂ ਗ਼ਜ਼ਲ-ਸੰਗ੍ਰਹਿ ਹੈ। ਮੇਰੀ ਗ਼ਜ਼ਲ ਕਦੇ ਵੀ ਕਿਸੇ ਨੂੰ ਬਾਹਰੋਂ ਆਈ ਹੋਈ ਜਾਂ ਓਪਰੀ ਨਹੀਂ ਲੱਗੀ ਕਿਉਂਕਿ ਮੈਂ ਇਸ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗ ਕੇ ਪੂਰੀ ਤਰ੍ਹਾਂ ਪੰਜਾਬਣ ਬਣਾ ਲਿਆ ਹੈ। ਇਸ ਦੇ ਰੰਗ-ਰੂਪ, ਬੋਲ-ਚਾਲ ਅਤੇ ਪਹਿਰਾਵੇ ਵਿੱਚ ਪੰਜਾਬਣਾਂ ਵਾਲੀ ਸਾਦਗੀ ਅਤੇ ਮੜਕ ਬਰਕਰਾਰ ਹੈ। ਔਖੇ ਜਾਂ ਬੋਝਲ ਸ਼ਬਦਾਂ ਦੀ ਵਰਤੋਂ ਕਰ ਕੇ ਮਹਾਨ ਗ਼ਜ਼ਲਕਾਰ ਦਿਸਣ ਦੀ ਭੁੱਖ ਮੇਰੇ ਸੁਭਾਅ ਵਿੱਚ ਸ਼ਾਮਿਲ ਨਹੀਂ। ਅਜਿਹੀ ਮਾਨਸਿਕਤਾ ਤੋਂ ਬਚਣ ਦੀ ਲੋੜ ਹੈ ਕਿਉਂਕਿ ਲੋਕ-ਮਨਾਂ ਦੇ ਨੇੜੇ ਹੋਣ ਵਿੱਚ ਹੀ ਕਿਸੇ ਰਚਨਾ ਦੀ ਸਾਰਥਿਕਤਾ ਹੁੰਦੀ ਹੈ। ਮੇਰੀ ਇਹ ਕੋਸ਼ਿਸ਼ ਤੁਹਾਨੂੰ ਕਿਵੇਂ ਲੱਗੀ, ਇਸ ਸਬੰਧੀ ਮੈਨੂੰ ਤੁਹਾਡੇ ਵਿਚਾਰਾਂ ਅਤੇ ਸੁਝਾਵਾਂ ਦੀ ਬੜੀ ਬੇਸਬਰੀ ਨਾਲ ਉਡੀਕ ਰਹੇਗੀ।

ਕਰਮ ਸਿੰਘ ਜ਼ਖ਼ਮੀ
ਪ੍ਰਧਾਨ,
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)



ਜਦ ਵੀ ਲੈ ਕੇ ਸੀਨੇ ਵਿੱਚ ਭੁਚਾਲ਼ ਤੁਰੇ।
ਨਾਨਕ, ਈਸਾ, ਲੈਨਿਨ ਸਾਡੇ ਨਾਲ਼ ਤੁਰੇ।

ਛਲਣੀ ਛਲਣੀ ਕਰ ਸੁੱਟਣਗੇ ਨ੍ਹੇਰੇ ਨੂੰ,
ਪਾ ਕੇ ਦਿਲ ਦਾ ਖ਼ੂਨ ਮਸ਼ਾਲਾਂ ਬਾਲ਼ ਤੁਰੇ।

ਸਿਰੜੀ ਯੋਧੇ ਕਰ ਕੇ ਸੱਚ ਦਿਖਾ ਦਿੰਦੇ,
ਜਾਗਦੀਆਂ ਅੱਖਾਂ ਵਿੱਚ ਸੁਪਨੇ ਪਾਲ਼ ਤੁਰੇ।

ਦੇਖ ਦਿਸ਼ਾਵਾਂ ਚਾਰੇ ਚੁਗਣੈ ਸੰਭਲ਼ ਕੇ,
ਚੋਗੇ ਨਾਲ ਸ਼ਿਕਾਰੀ ਲੈ ਕੇ ਜਾਲ਼ ਤੁਰੇ।

ਹੋਰ ਬਚੇ ਨਾ ਰਸਤਾ ਜੇ ਤਲਵਾਰ ਬਿਨਾਂ,
ਫੇਰ ਕਦੇ ਨਾ ਬੰਦਾ ਕਰ ਕੇ ਟਾਲ਼ ਤੁਰੇ।

ਲੋਕ ਭਗੌੜੇ ਹੋਣ ਜਦੋਂ ਸੰਘਰਸ਼ਾਂ ਤੋਂ,
ਜਾਂਦੀ ਵਾਰੀ ਲੱਗਦੈ ਉਮਰਾਂ ਗਾਲ਼ ਤੁਰੇ।

ਸੂਰਜ ਵਾਂਗ ਹਮੇਸ਼ਾ ‘ਜ਼ਖ਼ਮੀ’ ਚਮਕਣਗੇ,
ਹੱਕ-ਸੱਚ ਦੀ ਜਿਹੜੇ ਬਣ ਕੇ ਢਾਲ਼ ਤੁਰੇ।

ਫੇਰ ਡਿੱਗਣ ਦਾ ਕਦੇ ਨਾ ਤੌਖ਼ਲਾ ਹੋਵੇ।
ਉੱਠ ਕੇ ਫਿਰ ਤੁਰਨ ਦਾ ਜੇ ਹੌਸਲਾ ਹੋਵੇ।

ਦੂਰੀਆਂ ਵੀ ਓਸ ਨੂੰ ਨਜ਼ਦੀਕੀਆਂ ਲੱਗਣ,
ਮਿਲਣ ਦਾ ਜਿਸ ਦਾ ਪਕੇਰਾ ਫ਼ੈਸਲਾ ਹੋਵੇ।

ਅਟਕ ਵੀ ਨੇ ਅਟਕਦੇ ਦੇਖੇ ਜ਼ਮਾਨੇ ਨੇ,
ਜੇ ਕਿਤੇ ਤੂਫ਼ਾਨ ਵਰਗਾ ਵਲਵਲਾ ਹੋਵੇ।

ਆਸਤਿਕ ਤੇ ਨਾਸਤਿਕ ਦਾ ਰੇੜਕਾ ਐਵੇਂ,
ਆਦਮੀ ਜਦ ਕੰਵਲ ਵਾਂਗੂੰ ਨਿਰਮਲਾ ਹੋਵੇ।

ਸ਼ੀਸ਼ਿਆਂ ਨੂੰ ਸਾਫ਼ ਕਰ ਕੇ ਕੀ ਭਲਾਂ ਹੋਣੈ,
ਨਜ਼ਰੀਆ ਹੀ ਹੋ ਗਿਆ ਜੇ ਧੁੰਦਲਾ ਹੋਵੇ।

ਵੇਚ ਕੇ ਅਣਖਾਂ ਸਦਾ ਸੌਂਦੇ ਰਹੇ ਬੁਜ਼ਦਿਲ,
ਯੋਧਿਆਂ ਨੂੰ ਹਰ ਘੜੀ ਹੀ ਕਰਬਲਾ ਹੋਵੇ।

ਲੋਚਦੈ 'ਜ਼ਖ਼ਮੀ' ਹਮੇਸ਼ਾ ਹੀ ਇਹੋ ਲੋਚਾ,
ਜਿਸ ਕਿਸੇ ਨੂੰ ਪੁੱਛੀਏ ਚੜ੍ਹਦੀ ਕਲਾ ਹੋਵੇ।



ਖੇਡਿਆ ਜਦ ਜਾਨ 'ਤੇ ਦਰਿਆ ਸਮੁੰਦਰ ਹੋ ਗਿਆ।
ਥਿੜਕਿਆ ਨਾ ਜੋ ਕਿਤੇ ਵੀ ਮੀਲ ਪੱਥਰ ਹੋ ਗਿਆ।

ਸਬਰ ਤੇ ਸੰਤੋਖ ਦੇ ਉਪਦੇਸ਼ ਨੇ ਬੇਅਸਰ ਸਭ,
ਭੁੱਖ ਹੀ ਐਨੀ ਵਧੀ ਬੰਦਾ ਸਿਕੰਦਰ ਹੋ ਗਿਆ।

ਪਿੰਜਰੇ ਵਿੱਚ ਕੈਦ ਜੋ ਨਾ ਚੂਰੀਆਂ 'ਤੇ ਗਿੱਝਿਆ,
ਉਹ ਭਲਾਂ ਰੁਕਦਾ ਕਿਵੇਂ ਪੰਛੀ ਉਡੰਤਰ ਹੋ ਗਿਆ।

ਭਟਕਿਆ ਰਾਹ ਤੋਂ ਤਦੇ ਹੀ ਜਾਪਦਾ ਹੈ ਆਦਮੀ,
ਸਾਧ ਦੇ ਬਾਣੇ 'ਚ ਜੇ ਸ਼ੈਤਾਨ ਰਹਿਬਰ ਹੋ ਗਿਆ।

ਬੀਜਣੋਂ ਝੋਨਾ ਅਸੀਂ ਤਾਂ ਨਾ ਹਟਾਇਆਂ ਵੀ ਹਟੇ,
ਮਾਰਿਆ ਇਸ ਚੀਸ ਦਾ ਪੰਜਾਬ ਬੰਜਰ ਹੋ ਗਿਆ।

ਪਾਲ਼ਿਆ ਤੇ ਪੋਸਿਆ ਹੋਇਆ ਜਦੋਂ ਪੁੱਤ ਹਾਣ ਦਾ,
ਮਾਪਿਆਂ ਨੂੰ ਘੂਰਦਾ ਓਹੀ ਪਤੰਦਰ ਹੋ ਗਿਆ।

ਗੱਲ ਲੋਕਾਂ ਦੀ ਕਰੂਗਾ ਕੌਣ ਫਿਰ 'ਜ਼ਖ਼ਮੀ' ਭਲਾਂ,
ਕਲਮ ਦਾ ਹਥਿਆਰ ਹੀ ਖ਼ਾਮੋਸ਼ ਜੇਕਰ ਹੋ ਗਿਆ।

’ਕੱਲਿਆਂ ਹੀ ਤੁਰਨ ਦੇ ਹੁੰਦੇ ਜਿਨ੍ਹਾਂ ਵਿੱਚ ਹੌਸਲੇ।
ਮਗਰ ਹੁੰਦੇ ਨੇ ਉਨ੍ਹਾਂ ਦੇ ਹੀ ਕਿਸੇ ਦਿਨ ਕਾਫ਼ਲੇ।

ਕਰ ਰਹੇ ਨੇ ਯਤਨ ਬੇਸ਼ੱਕ ਲੋਕ ਦੋਹਾਂ ਪਾਸਿਓਂ,
ਹਿੰਦ-ਪਾਕਿਸਤਾਨ ਦੇ ਫਿਰ ਕਿਉਂ ਘਟੇ ਨਾ ਫ਼ਾਸਲੇ ?

ਫਿਰ ਭਲਾਂ ਦੱਸ ਕੀ ਆਜ਼ਾਦੀ ਨੂੰ ਉਨ੍ਹਾਂ ਨੇ ਫੂਕਣੈ,
ਤੋੜ ਜਾਂਦੇ ਦਮ ਦਿਲਾਂ ਵਿੱਚ ਹੀ ਜਿਨ੍ਹਾਂ ਦੇ ਵਲਵਲੇ।

ਚੋਰ, ਕਾਤਲ, ਠੱਗ ਵੀ ਬਣਦੇ ਉਦੋਂ ਤੋਂ ਮੰਤਰੀ,
ਰਾਜਨੀਤਕ ਹੋ ਗਏ ਜਦ ਤੋਂ ਕਾਨੂੰਨੀ ਫ਼ੈਸਲੇ।

ਗ਼ੈਰਹਾਜ਼ਰ ਹੋ ਗਿਆ ਹੈ ਜਿਸਮ ’ਚੋਂ ਇਉਂ ਆਦਮੀ,
ਹੈ ਬੜਾ ਮੁਸ਼ਕਿਲ ਹਸਾਉਣਾ ਬੇਅਸਰ ਨੇ ਚੁਟਕਲੇ।

ਡਿੱਗੀਆਂ ਕੱਚੇ ਘਰਾਂ ’ਤੇ ਹੀ ਜਦੋਂ ਵੀ ਡਿੱਗੀਆਂ,
ਬਿਜਲੀਆਂ ਦੇ ਨਾਲ ਨੇ ਕਰਦੇ ਕਲੋਲਾਂ ਬੰਗਲੇ।

ਦੇਖ ਕੇ ਸਨਮਾਨ ਜਦ ਲਾਲ਼ਾਂ ਅਸੀਂ ਸੁੱਟਦੇ ਰਹੇ,
ਨਾ ਰਹੇ ‘ਜ਼ਖ਼ਮੀ’ ਤਦੇ ਹੀ ਹਾਕਮਾਂ ਦੇ ਤੌਖ਼ਲੇ।



ਤੰਗੀਆਂ ਤੇ ਤੁਰਸ਼ੀਆਂ ਦੀ ਮਾਰ ਝੱਲਦੇ ਆ ਰਹੇ ਹਾਂ।
ਲੁੱਟ ਵੀ ਤਕਦੀਰ ਕਹਿ ਕੇ ਰੱਬ ਦੇ ਗਲ਼ ਪਾ ਰਹੇ ਹਾਂ।

ਜ਼ਿੰਦਗੀ ਦੇ ਅਰਥ ਭਾਵੇਂ ਆਪ ਤਾਂ ਸਮਝੇ ਅਜੇ ਨਾ,
ਪਰ ਜ਼ਮਾਨੇ ਨੂੰ ਅਸੀਂ ਜਿਉਣੈ ਕਿਵੇਂ ਸਮਝਾ ਰਹੇ ਹਾਂ।

ਆਖਿਐ ਬੇਸ਼ੱਕ ਗੁਰਾਂ ਨੇ, ਹੱਕ ਖਾਇਓ ਨਾ ਬਿਗਾਨਾ,
ਗੱਲ ਵੀ ਮੰਨਦੇ ਨਹੀਂ ਹਾਂ ਸਿੱਖ ਵੀ ਅਖਵਾ ਰਹੇ ਹਾਂ।

ਜਾਣਦੇ ਹਾਂ ਚੋਰ ਹੈ, ਬਦਮਾਸ਼ ਹੈ, ਬਦਨਾਮ ਨੇਤਾ,
ਚੋਣ ਓਸੇ ਨੂੰ ਜਿਤਾ ਕੇ ਫੇਰ ਧੋਖਾ ਖਾ ਰਹੇ ਹਾਂ।

ਹੱਥ ਦੇ ਵਿੱਚ ਕਲਮ ਵੀ ਹੈ, ਮੋਹ ਰਹੇ ਸਨਮਾਨ ਵੀ ਨੇ,
ਰੁੱਸ ਨਾ ਜਾਵੇ ਹਕੂਮਤ, ਇਸ ਡਰੋਂ ਘਬਰਾ ਰਹੇ ਹਾਂ।

ਹੋਸ਼ ਵਿੱਚ ਰਹਿ ਕੇ ਕਦੇ ਵੀ ਕੰਮ ਕੀਤਾ ਜੇ ਨਹੀਂ ਹੈ,
ਗ਼ਲਤੀਆਂ ਕਰ ਕਰ ਤਦੇ ਹਰ ਵਾਰ ਹੀ ਪਛਤਾ ਰਹੇ ਹਾਂ।

ਭਗਤ, ਊਧਮ ਤੇ ਸਰਾਭਾ, ਚਿੱਤ ਚੇਤੇ ਹੀ ਰਹੇ ਨਾ,
ਸੋਚਿਐ ‘ਜ਼ਖ਼ਮੀ’ ਕਦੇ ਭਟਕੇ ਕਿਧਰ ਨੂੰ ਜਾ ਰਹੇ ਹਾਂ।

ਮੱਥਿਆਂ ਵਿੱਚ ਹੈ ਜਿਨ੍ਹਾਂ ਦੇ ਚਾਨਣਾ।
ਨ੍ਹੇਰ ਤੋਂ ਹੋਇਆ ਕਦੇ ਨਾ ਸਾਹਮਣਾ।

ਦੋਸਤਾਂ ਦੀ ਭੀੜ ਖਿੰਡਦੀ ਜਾ ਰਹੀ,
ਮੈਂ ਸ਼ੁਰੂ ਕਰਿਐ ਜਦੋਂ ਤੋਂ ਪਰਖਣਾ।

ਆਦਮੀ ਧਨਵਾਨ ਭਾਵੇਂ ਹੋ ਗਿਆ,
ਫੇਰ ਵੀ ਮਨ ਦੀ ਰੁਕੀ ਨਾ ਭਟਕਣਾ।

ਉਹ ਜਵਾਨੀ ਵੀ ਜਵਾਨੀ ਕੀ ਭਲਾਂ,
ਪਾਰ ਜਿਸ ਤੋਂ ਹੋ ਸਕੀ ਨਾ ਵਰਜਣਾ।

ਆਲ੍ਹਣੇ ਦੇਖੇ ਜਦੋਂ ਲਲਕਾਰਦੇ,
ਬੱਦਲ਼ਾਂ ਨੂੰ ਭੁੱਲਿਆ ਹੈ ਗਰਜਣਾ।

ਆਉਣੀਆਂ ਨੇ ਫਿਰ ਬਹਾਰਾਂ ਦੇਖਿਓ,
ਪੱਤਝੜਾਂ ਨੂੰ ਦੇਖ ਕੇ ਨਾ ਡੋਲਣਾ।

ਨੱਥ ਸੋਨੇ ਦੀ ਜਦੋਂ ‘ਜ਼ਖ਼ਮੀ’ ਪਵੇ,
ਤੋੜਿਆ ਨਾ ਲੇਖਕਾਂ ਨੇ ਵਲਗਣਾ।



ਨ੍ਹੇਰਿਆਂ ਨੂੰ ਕਹਿ ਦਿਓ, ਨਾ ਸਮਝਿਓ ਕਿ ਡਰ ਰਿਹੈ।
ਅੱਜ ਫਿਰ ਲਲਕਾਰ ਕੇ, ਚਾਨਣ ਬਗ਼ਾਵਤ ਕਰ ਰਿਹੈ।

ਅੰਨਦਾਤਾ ਭਰ ਰਿਹਾ ਹੈ ਪੇਟ ਜੋ ਸੰਸਾਰ ਦਾ,
ਖ਼ੁਦਕੁਸ਼ੀ ਦੇ ਰਾਹ ਪਿਆ, ਉਹ ਆਪ ਭੁੱਖਾ ਮਰ ਰਿਹੈ।

ਤਖ਼ਤ ’ਤੇ ਖ਼ੁਦ ਹੀ ਬਹਾਇਆ, ਜਾਣ ਕੇ ਹਮਦਰਦ ਜੋ,
ਧਰਮ ਰਾਖੇ ਦਾ ਭੁਲਾ ਕੇ, ਖੇਤ ਓਹੀ ਚਰ ਰਿਹੈ।

ਜ਼ੁਲਮ ਕਰਨਾ ਤਾਂ ਕਿਸੇ ’ਤੇ, ਹੈ ਬੁਰਾ ਇਹ ਮੰਨਿਆ,
ਓਸ ਤੋਂ ਵੀ ਹੈ ਬੁਰਾ, ਜੇ ਜ਼ੁਲਮ ਕੋਈ ਜਰ ਰਿਹੈ।

ਦੂਰ ਕਰਨਾ ਹੈ ਭੁਲੇਖਾ, ਓਸ ਦੇ ਦਿਲ ’ਚੋਂ ਅਜੇ,
ਸ਼ੇਰ ਆਟੇ ਦੇ ਬਣਾ ਕੇ, ਜੋ ਸਿਰ੍ਹਾਣੇ ਧਰ ਰਿਹੈ।

ਨਫ਼ਰਤਾਂ ਦੀ ਰਾਤ ਤਾਂ, ਭਾਵੇਂ ਅਜੇ ਮੁੱਕੀ ਨਹੀਂ,
ਪਰ ਝਨਾਂ ਵਿੱਚ ਇਸ਼ਕ ਵੀ, ਕੱਚੇ ਘੜੇ ’ਤੇ ਤਰ ਰਿਹੈ।

ਅਣਖ ਗਹਿਣੇ ਰੱਖ ਕੇ, ਜਿਉਣਾ ਭਲਾਂ ਕੀ ਜਿਉਣ ਹੈ,
ਆਤਮਾ ‘ਜ਼ਖ਼ਮੀ’ ਮਰੀ, ਲੜਿਆਂ ਬਿਨਾਂ ਜੇ ਸਰ ਰਿਹੈ।

ਧਰਮਾਂ ਵਾਲੇ ਭੇਖ ਬਣਾਈਏ, ਥੋੜ੍ਹੇ ਬਹੁਤੇ।
ਚਰਚੇ ਲੋਕਾਂ ਵਿੱਚ ਕਰਾਈਏ, ਥੋੜ੍ਹੇ ਬਹੁਤੇ।

ਦੋ ਨੰਬਰ ਦੇ ਪੈਸੇ, ਬਣਦੇ ਇੱਕ ਨੰਬਰ ਦੇ,
ਵਿੱਚੋਂ ਪੁੰਨ-ਦਾਨ 'ਤੇ ਲਾਈਏ, ਥੋੜ੍ਹੇ ਬਹੁਤੇ।

ਗੋਲਕ ਖੋਲ੍ਹ ਚੜ੍ਹਾਵਾ ਸਾਰਾ ਨਾ ਛਕ ਜਾਈਏ,
ਖਾਤੇ ਵਿੱਚ ਵੀ ਚੜ੍ਹੇ ਦਿਖਾਈਏ, ਥੋੜ੍ਹੇ ਬਹੁਤੇ।

ਕਰਦੇ ਹਾਂ ਉਗਰਾਹੀ ਜਦੋਂ ਭੰਡਾਰੇ ਖ਼ਾਤਰ,
ਸੰਗਤ ਦੇ ਵੀ ਢਿੱਡ 'ਚ ਪਾਈਏ, ਥੋੜ੍ਹੇ ਬਹੁਤੇ।

ਨੇਤਾ ਜੀ ! ਜੋ ਮਿਲਿਆ ਹੈ ਸਰਕਾਰੀ ਕੋਟਾ,
ਬਸਤੀ ਵਿੱਚ ਕਿਤੇ ਪਹੁੰਚਾਈਏ, ਥੋੜ੍ਹੇ ਬਹੁਤੇ।

ਚੰਗਾ ਹੈ ਜੇ ਕਰਦੇ ਹੋ ਸਰਕਾਰੀ ਸਰਵਿਸ,
ਕਦੇ ਕਦੇ ਦਫ਼ਤਰ ਵੀ ਜਾਈਏ, ਥੋੜ੍ਹੇ ਬਹੁਤੇ।

ਚੋਰੀ ਕਰਕੇ ਗ਼ਜ਼ਲਾਂ 'ਜ਼ਖ਼ਮੀ' ਲਿਖੋ ਕਿਤਾਬਾਂ,
ਵਿੱਚੇ ਆਪਣੇ ਸ਼ਿਅਰ ਰਲ਼ਾਈਏ, ਥੋੜ੍ਹੇ ਬਹੁਤੇ।



ਵਿਕ ਜਾਵੇ ਜੋ, ਝੁਕ ਜਾਵੇ ਜੋ, ਉਹ ਈਮਾਨ ਅਖੌਤੀ ਸਮਝੋ।
ਕੰਮ ਕਿਸੇ ਦੇ ਜੋ ਨਾ ਆਏ, ਉਹ ਇਨਸਾਨ ਅਖੌਤੀ ਸਮਝੋ।

ਪਿਆਰ-ਮੁਹੱਬਤ ਵਾਲੀ ਦੌਲਤ ਜੇਕਰ ਹਿਰਦੇ ਵਿੱਚ ਨਹੀਂ ਹੈ,
ਸੋਨੇ ਚਾਂਦੀ ਨੂੰ ਕੀ ਕਰਨੈ, ਉਹ ਧਨਵਾਨ ਅਖੌਤੀ ਸਮਝੋ।

ਖੱਬਿਓਂ ਸੱਜਿਓਂ, ਢਾਹ ਭੰਨ ਕਰ ਕੇ, ਹੋਣ ਜੁਗਾੜਾਂ ਨਾਲ ਮਿਲੇ ਜੋ,
ਹੱਕੀ ਦਾ ਹੱਕ ਮਾਰਨ ਵਾਲੇ, ਉਹ ਸਨਮਾਨ ਅਖੌਤੀ ਸਮਝੋ।

ਹਾਕਮ ਦੀ ਕਠਪੁਤਲੀ ਬਣ ਕੇ, ਭਾਣਾ ਮੰਨਣ ਦੀ ਗੱਲ ਆਖੇ,
ਕਿਰਤੀ ਦੀ ਦੁਰਗਤ ਨਾ ਦੇਖੇ, ਉਹ ਭਗਵਾਨ ਅਖੌਤੀ ਸਮਝੋ।

ਔਖੇ ਵੇਲ਼ੇ ਵਿੱਚ ਜਿਨ੍ਹਾਂ ਨੇ ਭੁੱਲ ਕੇ ਵੀ ਨਾ ਅੱਖ ਮਿਲਾਈ,
ਸੁਖ ਦੇ ਸਾਥੀ ਬਣ ਕੇ ਆਏ, ਉਹ ਮਹਿਮਾਨ ਅਖੌਤੀ ਸਮਝੋ।

ਘਾਲ ਕਮਾਈ 'ਚੋਂ ਕੁੱਝ ਹਿੱਸਾ, ਲੋਕਾਂ ਖ਼ਾਤਰ ਲਾਉਣਾ ਚੰਗੈ,
ਪਰ ਜੋ ਠੱਗ ਲੁਟੇਰੇ ਕਰਦੇ, ਉਹ ਪੁੰਨ-ਦਾਨ ਅਖੌਤੀ ਸਮਝੋ।

ਜਾਤ-ਪਾਤ ਦੀ ਐਨਕ ਲਾ ਕੇ, ਲੇਖਕ ਨੂੰ ਜੋ ਦੇਖੇ 'ਜ਼ਖ਼ਮੀ',
ਜਿੰਨੀਆਂ ਮਰਜ਼ੀ ਹੋਣ ਕਿਤਾਬਾਂ, ਉਹ ਵਿਦਵਾਨ ਅਖੌਤੀ ਸਮਝੋ।

ਦੇਖਣ ਨੂੰ ਹੀ ਬੰਦਾ ਹੈ ਚੁੱਪ ਚਾਪ ਜਿਹਾ।
ਅੰਦਰੋ ਅੰਦਰੀ ਭੋਗ ਰਿਹੈ ਸੰਤਾਪ ਜਿਹਾ।

ਚਾਰ ਚੁਫੇਰੇ ਪਸਰੀ ਗੁੰਡਾਗਰਦੀ ਇਉਂ,
ਮਾਨਵਤਾ ਨੂੰ ਚੜ੍ਹਿਆ ਜਾਪੇ ਤਾਪ ਜਿਹਾ।

ਪੁੱਤਾਂ ਖ਼ਾਤਰ ਜਿਹੜੇ ਧੀਆਂ ਮਾਰ ਰਹੇ,
ਮਾਪਿਆਂ ਨੂੰ ਵੀ ਲੱਗੇ ਨਾ ਇਹ ਪਾਪ ਜਿਹਾ।

ਨਾਲ਼ੇ ਬਾਬਾ ਘੱਟ ਤੋਲਦਾ ਰਹਿੰਦਾ ਹੈ,
ਨਾਲ਼ੇ ਮੂੰਹੋਂ ਕਰਦਾ ਰਹਿੰਦੈ ਜਾਪ ਜਿਹਾ।

ਮਾਂ ਵਰਗੀ ਜੇ ਮਮਤਾ ਕਿਧਰੇ ਹੋਣੀ ਨਾ,
ਬੈਂਕ ਨਹੀਂ ਫਿਰ ਹੁੰਦਾ ਕਿਧਰੇ ਬਾਪ ਜਿਹਾ।

ਲੋਕ-ਰਾਜ ਦੀ ਖ਼ੂਬ ਦੁਹਾਈ ਪਾਉਂਦੇ ਹਾਂ,
ਹੁਕਮ ਬਰਾਬਰ ਚੱਲਦੈ ਭਾਵੇਂ ਖਾਪ ਜਿਹਾ।

'ਜ਼ਖ਼ਮੀ' ਬੀਬੇ ਦਾਹੜੇ ਠਰਕੇ ਦੇਖੇ ਨੇ,
ਖੜ੍ਹੇ ਖੜ੍ਹੇ ਹੀ ਲੈਂਦੇ ਰਹਿੰਦੇ ਨਾਪ ਜਿਹਾ।



ਤਿੱਪ ਤਿੱਪ ਚੋਂਦੇ ਠੰਢੇ ਹੌਕੇ ਭਰਦੇ ਨੇ ਬਰਸਾਤਾਂ ਵਿੱਚ।
ਕੱਚੇ ਕੋਠੇ ਡਿਗਜੂੰ ਡਿਗਜੂੰ ਕਰਦੇ ਨੇ ਬਰਸਾਤਾਂ ਵਿੱਚ।

ਵਿਹਲੜ ਦੇ ਘਰ ਵੰਨ-ਸੁਵੰਨੇ ਪਕਦੇ ਨੇ ਪਕਵਾਨ ਬੜੇ,
ਕਿਰਤੀ-ਕਾਮੇ ਭੁੱਖਾਂ ਤੇਹਾਂ ਜਰਦੇ ਨੇ ਬਰਸਾਤਾਂ ਵਿੱਚ।

ਛੇੜਖਾਨੀਆਂ ਕਰ ਕਰ ਆਪੇ ਵਾਤਾਵਰਨ ਵਿਗਾੜਨ ਜੋ,
ਦੋਸ਼ ਅਜੇ ਵੀ ਰੱਬ ਦੇ ਸਿਰ 'ਤੇ ਧਰਦੇ ਨੇ ਬਰਸਾਤਾਂ ਵਿੱਚ।

ਔੜਾਂ ਦੇ ਵਿੱਚ ਚਾਅ ਜਿਨ੍ਹਾਂ ਦੇ ਸੜ ਕੇ ਸੋਕੇ ਨਾਲ ਮਰੇ,
ਹੜ੍ਹ ਆਏ ਤਾਂ ਓਹੀ ਡੁੱਬ ਡੁੱਬ ਮਰਦੇ ਨੇ ਬਰਸਾਤਾਂ ਵਿੱਚ।

ਜਿੱਥੇ ਲੁਕ ਕੇ ਜਾਨ ਬਚਾਈ ਭੱਜ ਕੇ ਸ਼ਿਕਰੇ ਬਾਜਾਂ ਤੋਂ,
ਓਹੀ ਆਲ੍ਹਣਿਆਂ ਤੋਂ ਪੰਛੀ ਡਰਦੇ ਨੇ ਬਰਸਾਤਾਂ ਵਿੱਚ।

ਮੀਂਹ ਆਵੇ ਜਾਂ ਨ੍ਹੇਰੀ ਆਵੇ ਫ਼ਰਕ ਉਨ੍ਹਾਂ ਨੂੰ ਕੀ ਪੈਣੈ,
ਬੈਠੇ ਘਰੇ ਜਿਨ੍ਹਾਂ ਦੇ ਬੁੱਤੇ ਸਰਦੇ ਨੇ ਬਰਸਾਤਾਂ ਵਿੱਚ।

'ਜ਼ਖ਼ਮੀ' ਤਾਂਘ ਜਿਨ੍ਹਾਂ ਦੇ ਦਿਲ ਵਿੱਚ ਹੋਵੇ ਮਹਿਰਮ ਮਿਲਣੇ ਦੀ,
ਚੜ੍ਹੇ ਝਨਾਂ ਵਿੱਚ ਕੱਚਿਆਂ 'ਤੇ ਵੀ ਤਰਦੇ ਨੇ ਬਰਸਾਤਾਂ ਵਿੱਚ।

ਜ਼ਿੰਦਗੀ ਦਾ ਭੋਗਣਾ ਬਣਵਾਸ ਬਾਕੀ ਹੈ ਅਜੇ।
ਫੇਰ ਵੀ ਸੰਸਾਰ ਵਿੱਚ ਕੁੱਝ ਖ਼ਾਸ ਬਾਕੀ ਹੈ ਅਜੇ।

ਸਿਤਮ ਉਸ ਦੇ ਮੈਂ ਭੁਲਾਵਾਂ ਤਾਂ ਭੁਲਾਵਾਂ ਕਿਸ ਤਰ੍ਹਾਂ,
ਚੇਤਿਆਂ ਦੇ ਪਿੰਡਿਆਂ ’ਤੇ ਲਾਸ ਬਾਕੀ ਹੈ ਅਜੇ।

ਕਹਿਣ ਨੂੰ ਤਾਂ ਮੁਲਕ ਦੇ ਵਿੱਚ ਲੋਕਤੰਤਰ ਹੋ ਗਿਆ,
ਰਾਜਿਆਂ ਦਾ ਹੁਕਮ ਵੀ ਹੈ, ਦਾਸ ਬਾਕੀ ਹੈ ਅਜੇ।

ਦੂਰ ਮੰਜ਼ਿਲ ਹੈ ਬੜੀ ਤੇ ਰਾਤ ਵੀ ਘਨਘੋਰ ਹੈ,
ਪਰ ਸੁਨਹਿਰੀ ਕਿਰਨ ਦੀ ਵੀ ਆਸ ਬਾਕੀ ਹੈ ਅਜੇ।

ਹਾਰਿਆਂ ਹਰ ਕਦਮ ’ਤੇ ਪਰ ਹਾਰ ਨਾ ਮੰਨੀ ਕਦੇ,
ਹਿਰਦਿਆਂ ਵਿੱਚ ਜਿੱਤ ਦਾ ਵਿਸ਼ਵਾਸ ਬਾਕੀ ਹੈ ਅਜੇ।

ਇਸ਼ਕ ਨਾਲੋਂ ਵੀ ਜ਼ਰੂਰੀ ਗੱਲ ਰੋਟੀ ਦੀ ਬਣੀ,
ਹਾਕਮਾਂ ਦਾ ਬੇਸੁਰਾ ਧਰਵਾਸ ਬਾਕੀ ਹੈ ਅਜੇ।

ਕੁੱਝ ਵੀ ‘ਜ਼ਖ਼ਮੀ’ ਅਸੰਭਵ ਹੋ ਕਿਵੇਂ ਸਕਦੈ ਭਲਾਂ,
ਹਿੰਮਤਾਂ ਦੀ, ਹੌਸਲੇ ਦੀ, ਰਾਸ ਬਾਕੀ ਹੈ ਅਜੇ।



ਦੋਸਤਾਂ ਦੀ ਦੁਸ਼ਮਣੀ ਤੇ ਦੁਸ਼ਮਣਾਂ ਦੀ ਦੋਸਤੀ।
ਕੁੱਝ ਅਜੇਹਾ ਹੀ ਝਮੇਲਾ ਜਾਪਦੀ ਹੈ ਜ਼ਿੰਦਗੀ।

ਬੰਦਗੀ ਬੇਅਰਥ ਹੋਈ ਅਰਥ ਖੋ ਕੇ ਆਪਣੇ,
ਹੋ ਗਿਆ ਬੰਦਾ ਜਦੋਂ ਤੋਂ ਆਦਮੀ ਦਾ ਆਦਮੀ।

ਫੇਰ ਨਾ ਕਾਬੂ ’ਚ ਹੋਵੇ, ਇਹ ਜਦੋਂ ਭਾਂਬੜ ਬਣੇ,
ਸੁਪਨਿਆਂ ਦੀ ਅੱਗ ਹੈ ਜੋ ਸੀਨਿਆਂ ਵਿੱਚ ਸੁਲ਼ਘਦੀ।

ਧਰਮ ਦੇ ਰਾਖੇ ਜਦੋਂ ਵੀ ਰਾਜਨੀਤਕ ਹੋਣਗੇ,
ਲੋਕਤਾ ਦੀ ਲੋਥ ’ਤੇ ਵੱਜਦੀ ਰਹੇਗੀ ਬੰਸਰੀ।

ਲੁੱਟ ਕੇ ਧਨ ਦੇਸ਼ ਦਾ ਕੀਤਾ ਵਿਦੇਸ਼ੀਂ ਹੈ ਜਮ੍ਹਾਂ,
ਦੇਸ਼-ਭਗਤੀ ਦੇ ਬਣੇ ਹਾਂ ਫੇਰ ਵੀ ਢੰਡੋਰਚੀ।

ਨਿੱਜਤਾ ਨੂੰ ਦੂਜਿਆਂ ’ਤੇ ਠੋਸਣਾ ਹੀ ਜ਼ੁਲਮ ਹੈ,
ਸਾਰਿਆਂ ਦਾ ਮੰਨਣਾ ਆਪਣੀ ਜਗ੍ਹਾ ਹੁੰਦੈ ਸਹੀ।

ਲੋਕ ਵੀ ਖ਼ੁਸ਼ ਰੱਖਣੇ ਤੇ ਤਾਜ ਵੀ ਖ਼ੁਸ਼ ਰੱਖਣੇ,
ਏਸ ਨੂੰ ‘ਜ਼ਖ਼ਮੀ’ ਭਲਾਂ ਕਿਸ ਦੀ ਕਹਾਂਗੇ ਸੇਵਕੀ।

ਤਣੇ ਹੀ ਨਾ ਰਹੋ ਅਸਮਾਨ ਬਣ ਕੇ।
ਕਦੇ ਮਿਲਿਆ ਕਰੋ ਇਨਸਾਨ ਬਣ ਕੇ।

ਤੁਫ਼ਾਨਾਂ ਨੇ ਝੁਕਾਉਣੈ ਗਰਦਣਾਂ ਨੂੰ,
ਖੜ੍ਹੋਂ ਇੱਕ ਵਾਰ ਜੇ ਚੱਟਾਨ ਬਣ ਕੇ।

ਖਿੜੋ ਗੁਲਜ਼ਾਰ ਦੇ ਵਾਂਗੂੰ ਕਦੇ ਤਾਂ,
ਰਹੋ ਨਾ ਸੁਲ਼ਘਦੇ ਸ਼ਮਸ਼ਾਨ ਬਣ ਕੇ।

ਵਿਹੂਣੇ ਗਿਆਨ ਤੋਂ ਜੇ ਲੋਕ ਦੇਖੇ,
ਬੜੇ ਹੀ ਬੈਠਗੇ ਭਗਵਾਨ ਬਣ ਕੇ।

ਬਣੇ ਨੇ ਜਾਨ ਦੇ ਵੈਰੀ ਉਹੋ ਹੀ,
ਹਮੇਸ਼ਾ ਸੀ ਰਹੇ ਜੋ ਜਾਨ ਬਣ ਕੇ।

ਕਿਸੇ ਪਲ ਆਦਮੀ ਹੀ ਦੇਵਤਾ ਹੈ,
ਉਹੋ ਹੀ ਝਪਟਦੈ ਹੈਵਾਨ ਬਣ ਕੇ।

ਉਦੋਂ ਹੀ ਡੋਲਦੇ ਨੇ ਤਖ਼ਤ 'ਜ਼ਖ਼ਮੀ',
ਲੜੇ ਨੇ ਸ਼ਬਦ ਜਦ ਕ੍ਰਿਪਾਨ ਬਣ ਕੇ।



ਸਿਰਫ਼ ਇੱਕ ਵਾਰੀ ਕਿਸੇ ਪਲ ਮੁਸਕੁਰਾ ਕੇ ਦੇਖਿਓ।
ਫੇਰ ਭਾਵੇਂ ਆਰੀਆਂ ਸਿਰ 'ਤੇ ਚਲਾ ਕੇ ਦੇਖਿਓ।

ਚੇਤਿਆਂ 'ਚੋਂ ਵੀ ਭੁਲਾ ਸਕਣਾ ਨਹੀਂ ਮੈਨੂੰ ਤੁਸੀਂ,
ਜ਼ੋਰ ਜਿੰਨਾ ਵੀ ਲਗਾਉਣਾ ਹੈ ਲਗਾ ਕੇ ਦੇਖਿਓ।

ਦੂਰ ਤੋਂ ਹੀ ਲੰਘ ਜਾਂਦੇ ਹੋ ਹਮੇਸ਼ਾ ਘੂਰ ਕੇ,
ਕੋਲ਼ ਤਾਂ ਥੋੜ੍ਹਾ ਜਿਹਾ ਸਰਕਾਰ ਆ ਕੇ ਦੇਖਿਓ।

ਸ਼ੰਕਿਆਂ 'ਤੇ ਸ਼ਿਕਵਿਆਂ ਦੇ ਨ੍ਹੇਰ ਨੇ ਟਿਕਣਾ ਨਹੀਂ,
ਪਿਆਰ ਦਾ ਦੀਵਾ ਕਦੇ ਮਨ ਵਿੱਚ ਜਗਾ ਕੇ ਦੇਖਿਓ।

ਸੁਲ਼ਘਦੇ ਹੋ ਕਿਉਂ ਚਿਖ਼ਾ ਦੇ ਵਾਂਗ ਹਰ ਪਲ ਹਰ ਘੜੀ,
ਖੋਲ੍ਹ ਕੇ ਦਿਲ ਹਾਲ ਦਰਦਾਂ ਦਾ ਸੁਣਾ ਕੇ ਦੇਖਿਓ।

ਦੇਖ ਲੋ ਇੱਕ ਵਾਰ ਅੰਤਰ-ਝਾਤ ਆਪਣੇ ਮਾਰ ਕੇ,
ਫੇਰ ਆਪਣੇ ਆਪ ਤੋਂ ਖ਼ੁਦ ਨੂੰ ਬਚਾ ਕੇ ਦੇਖਿਓ।

ਆਪਣੇ ਦੋਹਾਂ 'ਚ 'ਜ਼ਖ਼ਮੀ' ਹੈ ਬਣੀ ਦੀਵਾਰ ਜੋ,
ਮਿਟਣਗੇ ਸਭ ਫ਼ਾਸਲੇ ਹਉਮੈ ਮਿਟਾ ਕੇ ਦੇਖਿਓ।

ਬਾਲ਼ ਕੇ ਦੀਵੇ ਲਹੂ ਦੇ ਕਰ ਰਹੇ ਨੇ ਚਾਨਣਾ।
ਪਲਕ ਵੀ ਨਾ ਝਪਕਦੇ ਹੁੰਦੈ ਜਿਨ੍ਹਾਂ ਨੇ ਪਹੁੰਚਣਾ।

ਲੜਨ ਦਾ ਨਾ ਸ਼ੌਕ ਹੁੰਦਾ, ਲੋੜ ਹੁੰਦੀ ਲੜਨ ਦੀ,
ਖੰਡਿਆਂ ਦੀ ਧਾਰ ’ਤੇ ਸੌਖਾ ਨਹੀਂ ਹੈ ਨੱਚਣਾ।

ਟਲ਼ ਰਿਹੈ ਚੁੱਪ ਵੱਟ ਕੇ ਜੋ, ਹੈ ਗੁਨਾਹ ਸਭ ਤੋਂ ਬੁਰਾ,
ਫੂਕਣੀ ਰੂਹ ਮੁਰਦਿਆਂ ਵਿੱਚ, ਫਿਰ ਸਿਖਾਉਣੈ ਬੋਲਣਾ।

ਚੜ੍ਹਨਗੇ ਬਣ ਕਾਫ਼ਲੇ ਜਦ, ਕੁੱਝ ਅਸੰਭਵ ਹੀ ਨਹੀਂ,
ਵਰਗਲ਼ਾਉਂਦਾ ਹੈ ਅਜੇ ਤਾਂ ਫਿਰਕਿਆਂ ਦਾ ਵਲ਼ਗਣਾ।

ਦੇਸ਼ ਦੀ ਇੱਜ਼ਤ ਬਚਾਉਂਦੇ ਜੋ ਰਹੇ ਮਰਜੀਵੜੇ,
ਅੱਜ ਦੇ ਅਬਦਾਲੀਆਂ ਨੂੰ ਵੀ ਉਨ੍ਹਾਂ ਹੀ ਸੋਧਣਾ।

ਝੁੱਗੀਆਂ ਵਿੱਚ ਸੁਲ਼ਘਦੇ ਅੰਗਿਆਰ ਭਾਂਬੜ ਬਣਨਗੇ,
ਲੋਕਤਾ ਦੇ ਦੁਸ਼ਮਣਾਂ ਦਾ ਗੜ੍ਹ ਜਿਨ੍ਹਾਂ ਨੇ ਫੂਕਣਾ।

ਗ਼ਜ਼ਲ ਮੇਰੀ ਕਾਮਿਆਂ ਦੀ ਰੋਹ ਭਰੀ ਆਵਾਜ਼ ਹੈ,
ਏਸ ਨੇ ‘ਜ਼ਖ਼ਮੀ’ ਕਦੇ ਨਾ ਡੋਲਣਾ ਨਾ ਭਟਕਣਾ।



ਹਨੇਰਾ ਜ਼ੁਲਮ ਦਾ ਅੜਿਐ ਜਦੋਂ, ਝੜਦਾ ਰਿਹਾ ਹੈ।
ਸਦਾ ਹੀ ਸੂਰਜਾਂ ਦਾ ਕਾਫ਼ਲਾ ਲੜਦਾ ਰਿਹਾ ਹੈ।

ਜ਼ੁਬਾਨੋਂ ਆਖਿਆ ਆਪਣਾ ਪੁਗਾ ਸਕਿਆ ਨਹੀਂ ਜੋ,
ਬਹਾਨੇ ਸੌ ਤਰ੍ਹਾਂ ਦੇ ਵੀ ਉਹੀ ਘੜਦਾ ਰਿਹਾ ਹੈ।

ਜਦੋਂ ਵੀ ਹੈ ਕਦੇ ਹੁੰਦਾ ਰਿਹਾ ਚਿੜੀਆਂ ’ਚ ਏਕਾ,
ਉਹੀ ਏਕਾ ਗਲ਼ਾਂ ਤੋਂ ਬਾਜ ਨੂੰ ਫੜਦਾ ਰਿਹਾ ਹੈ।

ਨਹੀਂ ਹੈ ਫ਼ਿਕਰ ਭੋਰਾ ਵੀ ਲਿਖੇ ਬੇਦਾਵਿਆਂ ਦਾ,
ਗੁਰੂਘਰ ਵਿੱਚ ਤਾਂ ਹੀਰੇ ਬੜੇ ਜੜਦਾ ਰਿਹਾ ਹੈ।

ਨਿਕੰਮੇ ਆਦਮੀ ਨੇ ਆਪ ਤਾਂ ਹਿੰਮਤ ਕਰੀ ਨਾ,
ਕਿਸੇ ਦੀ ਕਾਮਯਾਬੀ ਦੇਖ ਕੇ ਸੜਦਾ ਰਿਹਾ ਹੈ।

ਮੁਸੀਬਤ ਮੁਲਕ ’ਤੇ ਬਣਦੀ ਰਹੀ ਹੈ ਜਦ ਕਦੇ ਵੀ,
ਸਦਾ ਹਿੱਕ ਤਾਣ ਕੇ ਪੰਜਾਬ ਹੀ ਅੜਦਾ ਰਿਹਾ ਹੈ।

ਕਦੇ ‘ਜ਼ਖ਼ਮੀ’ ਕਿਸੇ ਨੇ ਟੀਰ ਆਪਣਾ ਦੇਖਿਆ ਨਾ,
ਜ਼ਮਾਨਾ ਦੂਜਿਆਂ ਦੇ ਦੋਸ਼ ਹੀ ਫੜਦਾ ਰਿਹਾ ਹੈ।

ਕਦਮ ਕਦਮ 'ਤੇ ਹਾਕਮ ਨੇ ਅਜ਼ਮਾਇਆ ਸੱਚ।
ਜੋ ਅੜਿਆ ਸੋ ਝੜਿਆ, ਨਾ ਘਬਰਾਇਆ ਸੱਚ।

ਹਰਿਮੰਦਰ ਹੈ ਰਹਿੰਦੀ ਦੁਨੀਆਂ ਤੱਕ ਗਵਾਹ,
ਤੂਫ਼ਾਨਾਂ ਦੀ ਹਿੱਕ 'ਤੇ ਬਲ਼ਦਾ ਆਇਆ ਸੱਚ।

ਸੱਚ ਦੇ ਵਿੱਚ ਮਿਲਾਵਟ ਹੁੰਦੀ ਨਾ ਪਰਵਾਨ,
ਸੱਚੀ ਬਾਣੀ ਕਹਿ ਕੇ ਹੈ ਵਡਿਆਇਆ ਸੱਚ।

ਤੱਤੀਆਂ ਤਵੀਆਂ, ਤੱਤਾ ਰੇਤਾ, ਤਪਦੀ ਧੁੱਪ,
ਸਚਿਆਰਾਂ ਨੇ ਸਾਹਾਂ ਨਾਲ ਨਿਭਾਇਆ ਸੱਚ।

ਮੀਰੀ-ਪੀਰੀ ਦੋਵੇਂ ਹੀ ਫਿਰ ਇੱਕ ਹੋ ਜਾਣ,
ਤਾਨਾਸ਼ਾਹਾਂ ਨੇ ਹੈ ਜਦੋਂ ਦਬਾਇਆ ਸੱਚ।

ਇਸ ਨੂੰ ਮੇਟਣ ਵਾਲੇ ਮਿਟ ਜਾਂਦੇ ਨੇ ਆਪ,
ਜੱਗ ਜਿਉਂਦੇ ਉਹ ਲੋਕ, ਜਿਨ੍ਹਾਂ ਅਪਣਾਇਆ ਸੱਚ।

'ਜ਼ਖ਼ਮੀ' ਭਾਵੇਂ ਹਰ ਥਾਂ ਕੂੜ ਦਿਸੇ ਪ੍ਰਧਾਨ,
ਪਰ ਆਖ਼ਰ ਨੂੰ ਪਰਚਮ ਬਣ ਲਹਿਰਾਇਆ ਸੱਚ।



ਤਾਜਾਂ ਨੂੰ ਨੱਥ ਪਾਉਂਦੇ, ਨੀਂਹਾਂ ਵਿੱਚ ਖੜ੍ਹੇ।
ਦੋ ਸੂਰਜ ਰੁਸ਼ਨਾਉਂਦੇ, ਨੀਂਹਾਂ ਵਿੱਚ ਖੜ੍ਹੇ।

ਅੱਖਰ ਅੱਖਰ ਸੁਣਿਆ ਮਾਤਾ ਗੁਜਰੀ ਤੋਂ,
ਸਾਹਾਂ ਨਾਲ ਨਿਭਾਉਂਦੇ, ਨੀਂਹਾਂ ਵਿੱਚ ਖੜ੍ਹੇ।

ਦੇਖ ਦਲੇਰੀ ਕੰਬਣੀ ਛਿੜੇ ਜ਼ਲਾਦਾਂ ਨੂੰ,
ਨਜ਼ਰਾਂ ਜਦੋਂ ਮਿਲਾਉਂਦੇ, ਨੀਂਹਾਂ ਵਿੱਚ ਖੜ੍ਹੇ।

ਕਰਨੀ ਇਹਨੇ ਨੀਂਦ ਹਰਾਮ ਹਕੂਮਤ ਦੀ,
ਜੋ ਇਤਿਹਾਸ ਬਣਾਉਂਦੇ, ਨੀਂਹਾਂ ਵਿੱਚ ਖੜ੍ਹੇ।

ਲਿਖਗੇ ਝੂਠਾ ਮੱਥਿਆਂ ਉੱਤੇ ਸੁੱਚਿਆਂ ਦੇ,
ਅਣਖਾਂ ਨੂੰ ਸੁਲ਼ਘਾਉਂਦੇ, ਨੀਂਹਾਂ ਵਿੱਚ ਖੜ੍ਹੇ।

ਫਸਲ ਨਹੀਂ ਸੀ ਹੋਣੀ ਫੇਰ ਬੰਦੂਕਾਂ ਦੀ,
ਜੇ ਨਾ ਖ਼ੂਨ ਵਹਾਉਂਦੇ, ਨੀਂਹਾਂ ਵਿੱਚ ਖੜ੍ਹੇ।

ਜ਼ਿਕਰ ਜਦੋਂ ਵੀ ਹੁੰਦਾ ਹੈ ਸੰਘਰਸ਼ਾਂ ਦਾ,
'ਜ਼ਖ਼ਮੀ' ਚੇਤੇ ਆਉਂਦੇ, ਨੀਂਹਾਂ ਵਿੱਚ ਖੜ੍ਹੇ।

ਲੱਖ ਚੁਰਾਸੀ ਉੱਤੇ ਭਾਵੇਂ ਕਾਠੀ ਪਾਈਂ ਬੈਠਾ ਹੈ।
ਐਪਰ ਬੰਦਾ ਬੰਦਿਆਂ ਵਾਲੀ ਗੱਲ ਗਵਾਈਂ ਬੈਠਾ ਹੈ।

ਪੜ੍ਹ ਕੇ ਪੁੱਤ ਕਨੇਡਾ ਤੁਰਗੇ, ਲੈ ਕੇ ਬੀਵੀ ਬੱਚਿਆਂ ਨੂੰ,
ਬਿਰਧ ਘਰਾਂ ਵਿੱਚ ਰੁਲ਼ਿਆ ਬਾਪੂ, ਮੂੰਹ ਲਮਕਾਈਂ ਬੈਠਾ ਹੈ।

ਵਾਰਿਸ ਸ਼ਾਹ ਦੇ ਮੂੰਹੋਂ ਸੁਣ ਕੇ ਗੱਲਾਂ ਰਾਂਝੇ ਹੀਰ ਦੀਆਂ,
ਅੱਜ ਦਾ ਰਾਂਝਾ, ਹੀਰਾਂ ਕੋਲੋਂ ਖੰਭ ਪੁਟਾਈਂ ਬੈਠਾ ਹੈ।

ਬਸਤੀ ਵਿੱਚ ਕਿਸੇ ਨੇ ਆ ਕੇ ਬਾਤ ਕਦੇ ਵੀ ਪੁੱਛੀ ਨਾ,
ਬਦਲ ਬਦਲ ਕੇ ਝੰਡੀਆਂ ਵੋਟਰ, ਚੋਣ ਜਿਤਾਈਂ ਬੈਠਾ ਹੈ।

ਘਰ ਦੇ ਵਿਹੜੇ ਵਿੱਚੋਂ ਸਾਰੇ ਬੂਟੇ ਬਿਰਖ ਪੁਟਾ ਦਿੱਤੇ,
ਧਰ ਕੇ ਫ਼ੁੱਲ ਬਣਾਉਟੀ ਬੰਦਾ ਮਨ ਭਰਮਾਈਂ ਬੈਠਾ ਹੈ।

ਭੰਡਦਾ ਹੈ ਹਰ ਵੇਲੇ ਭਾਵੇਂ ਲੇਖਕ ਖ਼ੂਬ ਹਕੂਮਤ ਨੂੰ,
ਹਾਕਮ ਦੇ ਸਨਮਾਨਾਂ ’ਤੇ ਪਰ ਪੀਨਕ ਲਾਈਂ ਬੈਠਾ ਹੈ।

ਗ਼ਜ਼ਲ ਸੁਨੱਖੀ ਸ਼ਕਤੀਸ਼ਾਲੀ ਲੱਗੇ ਤਾਂ ਉਸਤਾਦਾਂ ਨੂੰ,
‘ਜ਼ਖ਼ਮੀ’ ਇਹਨੂੰ ਸੁੰਮਾਂ ਵਾਲੀ ਡਾਂਗ ਫੜਾਈਂ ਬੈਠਾ ਹੈ।



ਮਰਦੀ ਮਰਦੀ ਮਰਗੀ ਦੁਨੀਆਂ, ਬੰਦਾ ਮਰਨੋਂ ਡਰਦਾ।
ਲੋਕਾਂ ਖ਼ਾਤਰ ਮਰਦਾ ਜਿਹੜਾ, ਨਹੀਂ ਕਦੇ ਵੀ ਮਰਦਾ।

ਪਿੰਗਲਾ ਪਰਬਤ ਚੜ੍ਹ ਸਕਦਾ ਹੈ, ਸਾਗਰ ਵੀ ਤਰ ਸਕਦੈ,
ਪਰ ਬੰਦਾ ਜਦ ਹਿੰਮਤ ਹਾਰੇ, ਜਿੱਤੀ ਬਾਜੀ ਹਰਦਾ।

ਜਿਸ ਦੇ ਹੱਥਾਂ ਨਾਲ ਬਣੇ ਨੇ, ਜੱਗ ਦੇ ਮਹਿਲ-ਮੁਨਾਰੇ,
ਤੱਤੀਆਂ ਲੂਆਂ ਦੇ ਵਿੱਚ ਸੜਦਾ, ਪਾਲ਼ੇ ਦੇ ਵਿੱਚ ਠਰਦਾ।

ਭਾਸ਼ਾ ਦਫ਼ਤਰ ਵਿੱਚ ਛਪਣ ਲਈ, ਖਰੜੇ ਦੇਣ ਲਿਖਾਰੀ,
ਹਾਕਮ ਦੇਣ ਦੁਆਨੀ ਨਾ ਪਰ, ਗਿੱਠ ਗਿੱਠ ਚੜ੍ਹਿਆ ਗਰਦਾ।

ਰਿਸ਼ਵਤ ਦੇ ਕੇ ਛੁੱਟ ਜਾਂਦੇ ਨੇ, ਅੱਜਕੱਲ੍ਹ ਰਿਸ਼ਵਤਖ਼ੋਰੇ,
ਗੱਲ ਪੁਰਾਣੀ ਹੋਗੀ ਹੁਣ ਤਾਂ, ਜੋ ਕਰਦਾ ਸੋ ਭਰਦਾ।

ਭੋਰੇ ਦੇ ਵਿੱਚ ਪੈੱਗ ਲਗਾਉਂਦੇ, ਬਾਬਾ ਜੀ ਨੂੰ ਪੁੱਛੋ,
ਨਾਲ਼ੇ ਕਹਿੰਦੇ ਸਰਬ ਵਿਆਪਕ, ਨਾਲ਼ੇ ਰੱਖਣ ਪਰਦਾ।

‘ਜ਼ਖ਼ਮੀ’ ਮਾੜਾ ਹੁੰਦੈ ਲੜਨਾ, ਸੁਣਦੇ ਰਹੇ ਹਮੇਸ਼ਾ,
ਲੈਣੇ ਪੈਂਦੇ ਹੱਕ ਜਦੋਂ ਪਰ, ਲੜੇ ਬਿਨਾਂ ਨਾ ਸਰਦਾ।

ਕਹਿਣਾ ਸੱਚ ਮਨਾਹੀ ਹੈ।
ਸਭ ਨੇ ਲੋਈ ਲਾਹੀ ਹੈ।

ਉਸਦਾ ਤਪਦੈ ਸਾਵਣ ਵੀ,
ਜਿਸ ਦਾ ਘਰ ਨਾ ਮਾਹੀ ਹੈ।

ਪਹੁੰਚ ਸਕੇ ਨਾ ਮੰਜ਼ਿਲ ’ਤੇ,
ਭਟਕ ਗਿਆ ਜੋ ਰਾਹੀ ਹੈ।

ਸੀਨਾ ਫਟਿਆ ਸੂਰਜ ਦਾ,
ਔਰਤ ਜਦੋਂ ਕਰਾਹੀ ਹੈ।

ਮਿਲਣੀ ਸਦਾ ਜ਼ਰੂਰੀ ਨਾ,
ਵਸਤੂ ਜੋ ਮਨਚਾਹੀ ਹੈ।

ਹੋਵੇਗਾ ਇਨਸਾਫ਼ ਕਿਵੇਂ,
ਕਰਜ਼ੇ ਹੇਠ ਗਵਾਹੀ ਹੈ।

‘ਜ਼ਖ਼ਮੀ’ ਨ੍ਹੇਰ ਮਿਟਾਵਾਂਗੇ,
ਬਣਿਆ ਖ਼ੂਨ ਸਿਆਹੀ ਹੈ।



ਨਿਰਧਨ ਵੀ ਧਨਵਾਨ ਬਣੇ।
ਧੀਆਂ ਦਾ ਸਨਮਾਨ ਬਣੇ।

ਵੋਟਾਂ ਵਿਕਣ, ਖਰੀਦਣ ਨਾ,
ਜਨਤਾ ਦਾ ਮੱਤਦਾਨ ਬਣੇ।

ਮੌਕੇ ਮਿਲਣ ਬਰਾਬਰ ਦੇ,
ਐਸਾ ਹੀ ਸੰਵਿਧਾਨ ਬਣੇ।

ਮਾਲਕਾਂ ਤਖ਼ਤਾਂ ਤਾਜਾਂ ਦਾ,
ਕਿਰਤੀ ਤੇ ਕਿਰਸਾਨ ਬਣੇ।

ਹੋਵੇ ਬਰੀ ਸਿਆਸਤ ਤੋਂ,
ਸੱਚਾ ਧਰਮ ਇਮਾਨ ਬਣੇ।

ਕਹਿੰਦਾ ਸੁਣਦਾ ਹੋਵੇ ਜੋ,
ਜਨਵਾਦੀ ਭਗਵਾਨ ਬਣੇ।

‘ਜ਼ਖ਼ਮੀ’ ਜੂਝਣ ਲੇਖਕ ਤਾਂ,
ਕਲਮ ਜਦੋਂ ਕਿਰਪਾਨ ਬਣੇ।

ਨੈਣਾਂ ਨੂੰ ਭਰਮਾਉਂਦੇ ਨੈਣ।
ਅੰਬਰ ਟਾਕੀ ਲਾਉਂਦੇ ਨੈਣ।

ਤਖ਼ਤ ਹਜ਼ਾਰੇ ਜਾਂਦੇ ਡੋਲ,
ਤਿੱਖੇ ਤੀਰ ਚਲਾਉਂਦੇ ਨੈਣ।

ਸੱਚੇ ਨਿਭਦੇ ਸਾਹਾਂ ਨਾਲ,
ਧੋਖੇਬਾਜ਼ ਚੁਰਾਉਂਦੇ ਨੈਣ।

ਸ਼ੇਰਾਂ ਨੂੰ ਪਾ ਲੈਣ ਨਕੇਲ,
ਬਾਂਦਰ ਨਾਚ ਨਚਾਉਂਦੇ ਨੈਣ।

ਵਰ੍ਹਦੇ ਜਦੋਂ ਘਟਾਵਾਂ ਵਾਂਗ,
ਪੱਥਰ ਵੀ ਪਿਘਲ਼ਾਉਂਦੇ ਨੈਣ।

ਜੇਕਰ ਆਈ ਤੇ ਆ ਜਾਣ,
ਤਾਰੇ ਦਿਨੇ ਦਿਖਾਉਂਦੇ ਨੈਣ।

ਬਣਜੇ ਸੁਰਮਾ ਜੇ ਦਿਲਦਾਰ,
'ਜ਼ਖ਼ਮੀ' ਨਾ ਕੁਮਲ਼ਾਉਂਦੇ ਨੈਣ।



ਤੇਰੀ ਜਦੋਂ ਭੁਲਾਈ ਯਾਦ।
ਹੋਈ ਦੂਣ ਸਵਾਈ ਯਾਦ।

ਜਿੱਦਾਂ ਫੁੱਲਾਂ ਵਿਚ ਸੁਗੰਧ,
ਸਾਹਾਂ ਵਿਚ ਸਮਾਈ ਯਾਦ।

ਪੈਂਦੀ ਜਦੋਂ ਵਫ਼ਾ ਦੀ ਬਾਤ,
ਪੈਲਾਂ ਪਾਉਂਦੀ ਆਈ ਯਾਦ।

ਜੇਕਰ ਸੱਲ ਕਲ਼ੇਜੇ ਹੋਣ,
ਬਣਦੀ ਖ਼ੂਬ ਦਵਾਈ ਯਾਦ।

ਪੰਛੀ ਕਰਦੇ ਦਿਸਣ ਕਲੋਲ,
ਸੀਨੇ ਨਾਲ ਲਗਾਈ ਯਾਦ।

ਜਦ ਵੀ ਹੋਵੇ ਚਿੱਤ ਉਦਾਸ,
ਹੋਵੇ ਆਣ ਸਹਾਈ ਯਾਦ।

'ਜ਼ਖ਼ਮੀ' ਜੀਵਨ ਦਾ ਆਧਾਰ,
ਇਕੋ ਇਕ ਕਮਾਈ ਯਾਦ।

ਅੰਦਰੋਂ ਵਿਸ਼ਵਾਸ ਜੇਕਰ ਟਹਿਕਦੈ।
ਆਦਮੀ ਗੁਲਜ਼ਾਰ ਵਾਂਗੂੰ ਮਹਿਕਦੈ।

ਸੀਨਿਆਂ ਵਿੱਚ ਅੱਗ ਜੇ ਹੈ ਸੁਲ਼ਘਦੀ,
ਸਾਹਮਣੇ ਆਉਣੋਂ ਹਨੇਰਾ ਤਹਿਕਦੈ।

ਸਾਣ 'ਤੇ ਲੱਗਦੈ ਤਦੇ ਹੀ ਹੌਸਲਾ,
ਔਕੜਾਂ ਦੇ ਨਾਲ ਜੇਕਰ ਠਹਿਕਦੈ।

ਰਾਜਨੀਤਕ ਸੇਕ ਨੇ ਜੇ ਝੁਲਸਿਆ,
ਰੱਬ ਦਾ ਕਲਬੂਤ ਤਾਂ ਹੀ ਸਹਿਕਦੈ।

ਪੱਥਰਾਂ ਨੂੰ ਬਖ਼ਸ਼ਦੈ ਜੋ ਧੜਕਣਾਂ,
ਸਾਜ਼ ਦੀ ਆਵਾਜ਼ ਬਣ ਕੇ ਚਹਿਕਦੈ।

ਡੋਲ ਜਾਂਦੇ ਨੇ ਸਮੁੰਦਰ ਖ਼ੌਲਦੇ,
ਹੰਝੂਆਂ ਦਾ ਕਾਫ਼ਲਾ ਜੇ ਬਹਿਕਦੈ।

ਨਾ ਮਿਟੇ 'ਜ਼ਖ਼ਮੀ' ਸਮੇਂ ਦੀ ਧੁੰਦ ਤੋਂ,
ਸੱਚ ਦਾ ਸੂਰਜ ਹਮੇਸ਼ਾ ਦਹਿਕਦੈ।



ਕਰ ਸਕਾਂਗੇ ਜੋ, ਕਰਾਂਗੇ, ਆਖ਼ਰੀ ਦਮ ਤੱਕ ਅਸੀਂ।
ਨਾ ਅਜੇ ਹਾਰੇ, ਲੜਾਂਗੇ, ਆਖ਼ਰੀ ਦਮ ਤੱਕ ਅਸੀਂ।

ਸਿਰ ਝੁਕਾਉਣਾ ਤਾਂ ਕਦੇ ਸਾਨੂੰ ਰਿਹਾ ਮਨਜ਼ੂਰ ਨਾ,
ਸੀਸ ਤਲ਼ੀਆਂ 'ਤੇ ਧਰਾਂਗੇ, ਆਖ਼ਰੀ ਦਮ ਤੱਕ ਅਸੀਂ।

ਪਰਖਿਆ ਹੈ ਸਿਦਕ ਸਾਡਾ ਫਿਰ ਹਕੂਮਤ ਪਰਖ ਲੇ,
ਨਾਗ ਬਣ ਹਿੱਕ 'ਤੇ ਬਹਾਂਗੇ, ਆਖ਼ਰੀ ਦਮ ਤੱਕ ਅਸੀਂ।

ਨ੍ਹੇਰਿਆਂ ਨੇ ਕੀਤੀਆਂ ਨੇ ਸਾਜਿਸ਼ਾਂ ਬੜੀਆਂ ਮਗਰ,
ਤੇਲ ਜਦ ਤੱਕ ਹੈ ਬਲ਼ਾਂਗੇ, ਆਖ਼ਰੀ ਦਮ ਤੱਕ ਅਸੀਂ।

ਜ਼ਾਬਰਾਂ ਨੂੰ ਨੱਥ ਪਾਉਂਦੇ ਹੀ ਰਹੇ ਹਾਂ ਮੁੱਢ ਤੋਂ,
ਪਰਬਤਾਂ ਵਾਂਗੂੰ ਅੜਾਂਗੇ, ਆਖ਼ਰੀ ਦਮ ਤੱਕ ਅਸੀਂ।

ਲਾਲਚਾਂ 'ਤੇ ਨਾ ਕਦੇ ਈਮਾਨ ਸਾਡਾ ਡੋਲਿਆ,
ਨਾ ਕਿਸੇ ਡਰ ਤੋਂ ਡਰਾਂਗੇ, ਆਖ਼ਰੀ ਦਮ ਤੱਕ ਅਸੀਂ।

ਝੂਠੀਆਂ ਆਜ਼ਾਦੀਆਂ ਨਾ ਪੋਂਹਦੀਆਂ 'ਜ਼ਖ਼ਮੀ' ਅਜੇ,
ਹੱਕ ਲੈ ਕੇ ਹੀ ਰਹਾਂਗੇ, ਆਖ਼ਰੀ ਦਮ ਤੱਕ ਅਸੀਂ।

ਮਿਲਣਗੇ ਰਸਤੇ ਕਦੇ ਤਾਂ ਕੋਸ਼ਿਸ਼ਾਂ ਕਰਦੇ ਰਹੋ।
ਅੱਗ ਦਾ ਦਰਿਆ ਬਣੇ ਜੇ ਜ਼ਿੰਦਗੀ, ਤਰਦੇ ਰਹੋ।

ਹੱਕ ਹੈ ਖੋਹ ਲੈਣ ਦਾ ਹਿੱਸਾ ਤੁਹਾਨੂੰ ਆਪਣਾ,
ਮੰਨ ਕੇ ਭਾਣਾ ਕਦੇ ਨਾ ਲੁੱਟ ਨੂੰ ਜਰਦੇ ਰਹੋ।

ਲੋੜ ਹੋਵੇ ਲੜਨ ਦੀ ਜੇ, ਫਿਰ ਟਲੋ ਨਾ ਲੜਨ ਤੋਂ,
ਬੁਜ਼ਦਿਲਾਂ ਦੇ ਵਾਂਗ ਨਾ, ਬੇਅਰਥ ਹੀ ਮਰਦੇ ਰਹੋ।

ਸਿਰੜੀਆਂ ਦੇ ਸਾਹਮਣੇ ਝੁਕਦੇ ਰਹੇ ਤੂਫ਼ਾਨ ਵੀ,
ਸਭ ਡਰਾਉਂਦੇ ਨੇ ਤਦੇ ਹੀ, ਜੇ ਤੁਸੀਂ ਡਰਦੇ ਰਹੋ।

ਪੱਤਝੜਾਂ ਦੀ ਮਾਰ ਖਾ ਕੇ, ਉੱਜੜੀ ਗੁਲਜ਼ਾਰ ਜੋ,
ਆਸ ਮੁੱਕੀ ਨੂੰ ਜਗਾ ਕੇ, ਰੂਹ ਨਵੀਂ ਭਰਦੇ ਰਹੋ।

ਸੋਚਦੇ ਹਾਂ ਜਿਸ ਤਰ੍ਹਾਂ, ਹੁੰਦਾ ਨਹੀਂ ਹਰ ਵਾਰ ਤਾਂ,
ਨਾ ਚਿਖ਼ਾ ਦੀ ਰਾਖ ਵਾਂਗੂੰ, ਹਰ ਸਮੇਂ ਝਰਦੇ ਰਹੋ।

ਹੌਸਲਾ ਤੇ ਹੋਸ਼ ਨਾ 'ਜ਼ਖ਼ਮੀ' ਕਦੇ ਵੀ ਛੱਡਿਓ,
ਫੇਰ ਕਿੰਨੀ ਵਾਰ ਵੀ ਭਾਵੇਂ ਤੁਸੀਂ ਹਰਦੇ ਰਹੋ।



ਚੁੰਝ ਖ਼ਾਲੀ ਕਿਰਤ ਦੀ ਜੇਕਰ ਭਰੀ ਜਾਣੀ ਨਹੀਂ।
ਹਾਕਮਾਂ ਦੀ ਇਹ ਬਦੀ ਮੈਥੋਂ ਜਰੀ ਜਾਣੀ ਨਹੀਂ।

ਸੀਸ ਨੂੰ ਧਰ ਕੇ ਤਲ਼ੀ ਸਿੱਖਿਐ ਜਿਨ੍ਹਾਂ ਨੇ ਜੂਝਣਾ,
ਫਿਰ ਉਨ੍ਹਾਂ ਤੋਂ ਅਣਖ ਵੀ ਗਹਿਣੇ ਧਰੀ ਜਾਣੀ ਨਹੀਂ।

ਨੋਟ ਲੈ ਕੇ ਵੋਟ ਜੇ ਏਸੇ ਤਰ੍ਹਾਂ ਵਿਕਦੀ ਰਹੀ,
ਲੀਡਰਾਂ ਦੀ ਪਰਖ ਹੀ ਸਾਥੋਂ ਕਰੀ ਜਾਣੀ ਨਹੀਂ।

ਹੁਕਮ ਵਿੱਚ ਹੀ ਰੱਬ ਦੇ ਜੇਕਰ ਗੁਨਾਹ ਹੁੰਦਾ ਰਿਹੈ,
ਫਿਰ ਵੈਤਰਣੀ ਵੀ ਭਲਾਂ ਕਾਹਤੋਂ ਤਰੀ ਜਾਣੀ ਨਹੀਂ।

ਲੋਕ ਸੱਥਾਂ ਵਿੱਚ ਖੜ੍ਹਾ ਕੇ ਕਰਨਗੇ ਜਦ ਫ਼ੈਸਲੇ,
ਲੋਟੂਆਂ ਦੀ ਧਾੜ ਫਿਰ ਹੋ ਕੇ ਬਰੀ ਜਾਣੀ ਨਹੀਂ।

ਰਾਖਿਆ ਖੇਤਾਂ ਦਿਆ ਜੇਕਰ ਰਹੇਂਗਾ ਜਾਗਦਾ,
ਤਦ ਕਿਸੇ ਤੋਂ ਫ਼ਸਲ ਵੀ ਤੇਰੀ ਚਰੀ ਜਾਣੀ ਨਹੀਂ।

ਕਾਸਦੈ 'ਜ਼ਖ਼ਮੀ' ਲਿਖਾਰੀ ਦੀ ਕਰੂ ਉਹ ਸ਼ਾਇਰੀ,
ਗੱਲ ਜਿਸ ਤੋਂ ਗ਼ਜ਼ਲ ਵਿੱਚ ਆਖੀ ਖਰੀ ਜਾਣੀ ਨਹੀਂ।

ਖ਼ੁਦੀ ’ਤੇ ਹੀ ਜਦੋਂ ਵਿਸ਼ਵਾਸ ਬਣਦੈ।
ਉਦੋਂ ਹੀ ਆਦਮੀ ਇਤਿਹਾਸ ਬਣਦੈ।

ਬਜ਼ੁਰਗਾਂ ਦਾ ਨਹੀਂ ਸਤਿਕਾਰ ਜਿੱਥੇ,
ਉਹੋ ਘਰਬਾਰ ਹੀ ਬਣਵਾਸ ਬਣਦੈ।

ਇਹੋ ਬੰਦਾ ਕਿਸੇ ’ਤੇ ਗਰਜਦਾ ਹੈ,
ਇਹੋ ਹੀ ਪਰ ਕਿਸੇ ਦਾ ਦਾਸ ਬਣਦੈ।

ਨਹੀਂ ਤਕਨੀਕ ਦਾ ਕੋਈ ਮਹੱਤਵ,
ਦਿਲੋਂ ਜੋ ਨਿਕਲਦੈ ਅਰਦਾਸ ਬਣਦੈ।

ਮੁਹਾਰਤ ਕੰਮ ਵਿੱਚ ਬਣਦੀ ਤਦੇ ਹੀ,
ਜਦੋਂ ਹਰ ਰੋਜ਼ ਦਾ ਅਭਿਆਸ ਬਣਦੈ।

ਖ਼ੁਦਾ ਦਾ ਨਾਮ ਬੇਸ਼ੱਕ ਕਲਪਨਾ ਹੈ,
ਮੁਸੀਬਤ ਵਿੱਚ ਬਸ ਧਰਵਾਸ ਬਣਦੈ।

ਬੁਰਾ ‘ਜ਼ਖ਼ਮੀ’ ਉਦੋਂ ਹੀ ਧਰਮ ਲੱਗਦੈ,
ਜਦੋਂ ਵੀ ਲੋਕਤਾ ’ਤੇ ਲਾਸ ਬਣਦੈ।



ਸੀਨਿਆਂ ਵਿੱਚ ਹੋਣਗੇ ਸੁਪਨੇ ਜਿਨ੍ਹਾਂ ਦੇ ਸੁਲ਼ਘਦੇ।
ਜ਼ਾਬਰਾਂ ਦੀ ਹਿੱਕ ’ਤੇ ਚੜ੍ਹ ਕੇ ਉਹੀ ਨੇ ਨੱਚਦੇ।

ਦੇਖ ਕੇ ਹਿੰਮਤ ਉਨ੍ਹਾਂ ਦੀ ਅਟਕ ਜਾਂਦੇ ਅਟਕ ਵੀ,
ਕਦਮ ਚੁੰਮਣ ਮੰਜ਼ਿਲਾਂ ਜੋ ਨਾ ਕਦੇ ਵੀ ਅਟਕਦੇ।

ਵਾਰਦੇ ਸੀ ਜਾਨ ਜਿਹੜੇ, ਜਾਨ ਆਪਣੀ ਆਖ ਕੇ,
ਰੋੜ ਬਣ ਕੇ ਹਾਂ ਉਨ੍ਹਾਂ ਦੀ ਅੱਖ ਵਿਚ ਹੀ ਰੜਕਦੇ।

ਬੱਦਲ਼ਾਂ ਨੂੰ ਘੇਰ ਮਾਰੂਥਲ ਕਦੇ ਪੁੱਛ ਲੈਣਗੇ,
ਲੰਘ ਉਤੋਂ ਦੀ ਸਮੁੰਦਰ ’ਤੇ ਰਹੇ ਜੋ ਬਰਸਦੇ।

ਅੰਨਦਾਤਾ ਦੇਸ਼ ਦਾ ਹੋਣਾ ਨਹੀਂ ਕੰਗਾਲ ਸੀ,
ਜੇ ਪਾਖੰਡੀ ਲੀਡਰਾਂ ਨੂੰ ਨਾ ਮੁਕੱਦਰ ਵੇਚਦੇ।

ਪੱਥਰਾਂ ਨੂੰ ਵੀ ਬਣਾ ਦਿੰਦੇ ਖ਼ੁਦਾ ਜੋ ਆਦਮੀ,
ਕਿਉਂ ਭਲਾਂ ਲਾਚਾਰ ਹੋਏ ਭੀਖ ਦਰ ਦਰ ਮੰਗਦੇ।

ਹੱਕ ਮੰਗਿਆਂ ਤੋਂ ਕਦੇ ਮਿਲਦੇ ਨਹੀਂ ‘ਜ਼ਖ਼ਮੀ’ ਸੁਣੇ,
ਹੱਕ ਮਿਲਦੇ ਨੇ ਜਦੋਂ ਖੰਡੇ ਰਣਾਂ ਵਿੱਚ ਖੜਕਦੇ।

ਹੁੰਦੇ ਰਹਿੰਦੇ ਖੜਕੇ ਦੜਕੇ, ਆਥਣ ਤੜਕੇ।
ਡਾਂਗ ਮੁਹੱਲੇ ਦੇ ਵਿੱਚ ਖੜਕੇ, ਆਥਣ ਤੜਕੇ।

ਦਾਰੂ ਪੀ ਕੇ ਕਰਨ ਸ਼ਰਾਬੀ ਖ਼ੂਬ ਖ਼ਰਾਬੀ,
ਨਿੱਤ ਲਿਆਉਣੇ ਪੈਂਦੇ ਫੜ ਕੇ, ਆਥਣ ਤੜਕੇ।

ਪਤਾ ਨਹੀਂ ਕੀ ਚੱਲੀ ਭੈੜੀ ਹਵਾ ਚੁਫੇਰੇ,
ਧਰਮੀ ਬੰਦੇ ਫਿਰਦੇ ਭੜਕੇ, ਆਥਣ ਤੜਕੇ।

ਜਦੋਂ ਪ੍ਰੇਮੀ ਦੇ ਘਰ ਆਈ ਪਤਨੀ ਬਣ ਕੇ,
ਅੱਖਾਂ ਵਿੱਚ ਪਤੀ ਦੇ ਰੜਕੇ, ਆਥਣ ਤੜਕੇ।

ਡੱਕਾ ਵੀ ਨਾ ਦੂਹਰਾ ਕਰਦਾ ਪੁੱਤ ਨਿਕੰਮਾ,
ਨਾਲੇ ਬਾਹਰੋਂ ਆਵੇ ਲੜ ਕੇ, ਆਥਣ ਤੜਕੇ।

ਗੱਲ ਉਦੋਂ ਹੀ ਮੰਨੀ ਸਦਾ ਹਕੂਮਤ ਨੇ ਤਾਂ,
ਲੋਕ ਜਦੋਂ ਵੀ ਖੜ੍ਹਦੇ ਅੜ ਕੇ, ਆਥਣ ਤੜਕੇ।

'ਜ਼ਖ਼ਮੀ' ਚੁੱਲ੍ਹਾ ਕਿਰਤੀ ਦਾ ਹੀ ਰਹਿੰਦੈ ਠੰਢਾ,
ਲੋਟੂ ਦੇ ਘਰ ਲੱਗਣ ਤੜਕੇ, ਆਥਣ ਤੜਕੇ।



ਲੋਕ ਪੁਆੜੇ ਪਾ ਜਾਂਦੇ ਨੇ ਆਉਂਦੇ ਜਾਂਦੇ।
ਸੁੱਤੀਆਂ ਕਲਾਂ ਜਗਾ ਜਾਂਦੇ ਨੇ ਆਉਂਦੇ ਜਾਂਦੇ।

ਕਰ ਕੇ ਖ਼ੂਬ ਤਿਆਰੀ ਬੈਠਾ ਹੁੰਦੈ ਬੰਦਾ,
ਦੁਬਿਧਾ ਵਿਚ ਫਸਾ ਜਾਂਦੇ ਨੇ ਆਉਂਦੇ ਜਾਂਦੇ।

ਕਿੱਥੇ ਐਨਾ ਵਕਤ ਸੁਣੇ ਗੁਰਬਾਣੀ ਕੋਈ,
ਅੱਖ ਜਿਹੀ ਮਟਕਾ ਜਾਂਦੇ ਨੇ ਆਉਂਦੇ ਜਾਂਦੇ।

ਘੁੱਟ ਕੇ ਜੱਫੀ ਪਾਉਣਾ ਭੁੱਲ ਭੁਲਾਗੇ ਸਾਰੇ,
ਦੂਰੋਂ ਹੱਥ ਹਿਲਾ ਜਾਂਦੇ ਨੇ ਆਉਂਦੇ ਜਾਂਦੇ।

ਬਾਹਰਲੇ ਘਰ ਬਾਪੂ ਦੀ ਡਾਹ ਦਿੱਤੀ ਮੰਜੀ,
ਰੋਟੀ-ਟੁੱਕ ਫੜਾ ਜਾਂਦੇ ਨੇ ਆਉਂਦੇ ਜਾਂਦੇ।

ਇੱਕ ਦੂਜੇ ਦੇ ਉੱਤੇ ਨਾ ਇਤਬਾਰ ਕਿਸੇ ਨੂੰ,
ਕਿੰਨੇ ਰੰਗ ਵਟਾ ਜਾਂਦੇ ਨੇ ਆਉਂਦੇ ਜਾਂਦੇ।

'ਜ਼ਖ਼ਮੀ' ਰਚਨਾ ਹੋਰਾਂ ਦੀ ਹੈ ਸੁਣਨੀ ਔਖੀ,
ਆਪਣੀ ਕਵੀ ਸੁਣਾ ਜਾਂਦੇ ਨੇ ਆਉਂਦੇ ਜਾਂਦੇ।

ਜੇਕਰ ਜਿਉਂਦੇ ਰਹਿਣਾ, ਲੜਨਾ ਪੈਣਾ ਹੈ।
ਢਹਿ ਕੇ ਵੀ ਨਾ ਢਹਿਣਾ, ਲੜਨਾ ਪੈਣਾ ਹੈ।

ਰੋਕ ਸਕੇ ਨਾ ਪੱਥਰ ਰਾਹ ਦਰਿਆਵਾਂ ਦੇ,
ਜਾਣ ਲਿਆ ਜਦ ਵਹਿਣਾ, ਲੜਨਾ ਪੈਣਾ ਹੈ।

ਮੁੱਠੀ ਦੇ ਵਿੱਚ ਕਰਨੈ ਬੰਦ ਤੁਫ਼ਾਨਾਂ ਨੂੰ,
ਪਰਬਤ ਬਣ ਕੇ ਖਹਿਣਾ, ਲੜਨਾ ਪੈਣਾ ਹੈ।

ਲੁੱਟਾਂ ਨੂੰ ਕਰ ਸਕਦੇ ਨਾ ਪਰਵਾਨ ਅਸੀਂ,
ਕਰਮਾਂ ਦਾ ਫ਼ਲ ਕਹਿਣਾ, ਲੜਨਾ ਪੈਣਾ ਹੈ।

ਜ਼ੁਲਮ ਕਿਸੇ ’ਤੇ ਕਰਨਾ ਹੁੰਦੀ ਗੱਲ ਬੁਰੀ,
ਜ਼ੁਲਮ ਨਹੀਂ ਪਰ ਸਹਿਣਾ, ਲੜਨਾ ਪੈਣਾ ਹੈ।

ਹਿੱਲ ਹਕੂਮਤ ਜਾਣੀ ਜਦੋਂ ਹਲੂਣਾਂਗੇ,
ਤਖ਼ਤੋਂ ਭੁੰਜੇ ਲਹਿਣਾ, ਲੜਨਾ ਪੈਣਾ ਹੈ।

ਲੜਿਆਂ ਬਾਝੋਂ ‘ਜ਼ਖ਼ਮੀ’ ਮਿਲਦੇ ਹੱਕ ਨਹੀਂ,
ਜੀਵਨ ਦਾ ਹੈ ਗਹਿਣਾ, ਲੜਨਾ ਪੈਣਾ ਹੈ।



ਖ਼ੂਬ ਸਹੀ ਹੈ ਨਾਦਰਸ਼ਾਹੀ, ਹੁਣ ਨਾ ਅਸੀਂ ਸਹਾਂਗੇ।
ਝੂਠੇ ਦੀ ਸੱਚ ਭਰੇ ਗਵਾਹੀ, ਹੁਣ ਨਾ ਅਸੀਂ ਸਹਾਂਗੇ।

ਊਧਮ, ਭਗਤ, ਸਰਾਭੇ ਦੇ ਹਾਂ, ਜੇਕਰ ਵਾਰਸ ਸੱਚੇ,
ਛੱਡ ਦਲੇਰੀ, ਢੇਰੀ ਢਾਹੀ, ਹੁਣ ਨਾ ਅਸੀਂ ਸਹਾਂਗੇ।

ਜਿੱਥੇ ਮਰਜ਼ੀ ਮੱਥੇ ਟੇਕੋ, ਜਿਹਨੂੰ ਮਰਜ਼ੀ ਮੰਨੋ,
ਰੱਬ ਦੇ ਨਾਂ ’ਤੇ ਕਰੀ ਤਬਾਹੀ, ਹੁਣ ਨਾ ਅਸੀਂ ਸਹਾਂਗੇ।

ਨੇਤਾ ਜੀ ਭਰਮਾ ਜਾਂਦੇ ਨੇ, ਹਰ ਵਾਰੀ ਹੀ ਸਾਨੂੰ,
ਇਹਨਾਂ ਨੇ ਜੋ ਲੋਈ ਲਾਹੀ, ਹੁਣ ਨਾ ਅਸੀਂ ਸਹਾਂਗੇ।

ਹੁੰਦੀਆਂ ਨੇ ਕਿਰਸਾਨਾਂ ਨੂੰ ਤਾਂ, ਮਾਵਾਂ ਵਾਂਗ ਜ਼ਮੀਨਾਂ,
ਜ਼ਬਰੀ ਫ਼ਸਲ ਖੜੋਤੀ ਵਾਹੀ, ਹੁਣ ਨਾ ਅਸੀਂ ਸਹਾਂਗੇ।

ਰਾਤ ਦਿਨੇ ਖਪ-ਖਪ ਕੇ ਵੀ ਜੇ, ਕਿਰਤੀ ਭੁੱਖਾ ਮਰਦੈ,
ਵਿਹਲੜ ਦੇ ਘਰ ਚੜ੍ਹੀ ਕੜਾਹੀ, ਹੁਣ ਨਾ ਅਸੀਂ ਸਹਾਂਗੇ।

ਹੁੰਦਾ ਧਰਮ ਲਿਖਾਰੀ ਦਾ ਹੈ, ਲੋਕਾਂ ਦੀ ਗੱਲ ਕਰਨਾ,
‘ਜ਼ਖ਼ਮੀ’ ਇਹਦੇ ਵਿਚ ਕੁਤਾਹੀ, ਹੁਣ ਨਾ ਅਸੀਂ ਸਹਾਂਗੇ।

ਉਹ ਜਦੋਂ ਵੀ ਯਾਦ ਆਇਆ ਕਰਨਗੇ।
ਨੈਣ ਮੇਰੇ ਤਿਲਮਿਲਾਇਆ ਕਰਨਗੇ।

ਨੀਂਦ ਰਾਤਾਂ ਦੀ ਉਡਾਇਆ ਕਰਨਗੇ।
ਜੋ ਦਿਨੇ ਨਜ਼ਰਾਂ ਚੁਰਾਇਆ ਕਰਨਗੇ।

ਰੋਂਦਿਆਂ ਨੂੰ ਜੋ ਵਿਰਾਇਆ ਕਰਨਗੇ।
ਹੋਰ ਜਿੰਦੜੀ ਨੂੰ ਸਤਾਇਆ ਕਰਨਗੇ।

ਸਾਹਮਣੇ ਵਡਿਆਉਣਗੇ ਜਿਹੜੇ ਬੜਾ,
ਪਿੱਠ 'ਤੇ ਛੁਰੀਆਂ ਚਲਾਇਆ ਕਰਨਗੇ।

ਪਿਆਰ ਦੇ ਵੈਰੀ ਰਹੇ ਜੋ ਮੁੱਢ ਤੋਂ,
ਦੋਸਤੀ ਉਹ ਵੀ ਜਤਾਇਆ ਕਰਨਗੇ।

ਕਰਨਗੇ ਚੁਗਲੀ ਉਨ੍ਹਾਂ ਦੀ ਇਧਰ ਵੀ,
ਉਧਰ ਜਾ ਕੇ ਜੋ ਭਖਾਇਆ ਕਰਨਗੇ।

ਰਹਿਣ 'ਜ਼ਖ਼ਮੀ' ਦਿਲ 'ਚ ਦਿਲਬਰ ਜੇ ਵਸੇ,
ਗ਼ਜ਼ਲ ਹੀ ਕੋਈ ਲਿਖਾਇਆ ਕਰਨਗੇ।



ਲੋਚਦਾ ਹੈ ਦਿਲ ਹਮੇਸ਼ਾ ਦੋਸਤਾਂ ਵਾਂਗੂੰ ਮਿਲੇ।
ਪਰ ਜਦੋਂ ਵੀ ਉਹ ਮਿਲੇ ਤਾਂ ਦੁਸ਼ਮਣਾਂ ਵਾਂਗੂੰ ਮਿਲੇ।

ਜ਼ਿੰਦਗੀ ਦੇ ਭੇਤ ਨੂੰ ਉਸ ਨੇ ਅਜੇ ਨਾ ਜਾਣਿਆ,
ਜੋ ਬਹਾਰਾਂ ਦੇ ਸਮੇਂ ਵੀ ਪੱਤਝੜਾਂ ਵਾਂਗੂੰ ਮਿਲੇ।

ਬੇਰੁਖ਼ੀ ਉਸ ਦੀ ਰਹੀ ਹੈ ਕਾਲਜੇ ਨੂੰ ਸਾੜਦੀ,
ਜੀਅ ਕਰੇ ਕਿ ਆਣ ਮੈਨੂੰ ਪਾਗਲਾਂ ਵਾਂਗੂੰ ਮਿਲੇ।

ਮਹਿਫ਼ਲਾਂ ਵਿੱਚ ਹੈ ਉਦਾਸੀ ਸਾਜ਼ ਵੀ ਖ਼ਾਮੋਸ਼ ਨੇ,
ਸ਼ਾਦੀਆਂ ਦੇ ਵੀ ਸਮਾਗਮ ਮਰਗਤਾਂ ਵਾਂਗੂੰ ਮਿਲੇ।

ਬਦਲਿਆ ਮਨ ਦੇਖਦਾਂ ਜਦ ਝਾਤ ਅੰਦਰ ਮਾਰਦਾਂ,
ਦੇਵਤਾ ਵੀ ਹੈ ਕਦੇ ਉਹ ਦਾਨਵਾਂ ਵਾਂਗੂੰ ਮਿਲੇ।

ਪੱਥਰਾਂ ਵਰਗੇ ਉਨ੍ਹਾਂ ਦੇ ਹੋ ਗਏ ਨੇ ਦਿਲ ਬੜੇ,
ਜੋ ਕਦੇ ਬਣ ਕੇ ਸਹਾਰਾ ਪਰਬਤਾਂ ਵਾਂਗੂੰ ਮਿਲੇ।

ਪਿਆਰ 'ਜ਼ਖ਼ਮੀ' ਨਾ ਮਿਲੇ ਕਰਦਾ ਰਿਹਾ ਲੱਖ ਯਤਨ ਮੈਂ,
ਜੇ ਕਦੇ ਮਿਲਿਆ ਜਰਾ ਵੀ ਸਾਜ਼ਿਸ਼ਾਂ ਵਾਂਗੂੰ ਮਿਲੇ।

ਜਦੋਂ ਹੰਕਾਰਿਐ ਬੰਦਾ।
ਉਦੋਂ ਹੀ ਹਾਰਿਐ ਬੰਦਾ।

ਸਿਆਸਤ, ਧਰਮ ਤੇ ਬਾਬੇ,
ਇਨ੍ਹਾਂ ਨੇ ਮਾਰਿਐ ਬੰਦਾ।

ਜ਼ਮਾਨੇ ਨੇ ਸਵਾਰਥ ਤੋਂ,
ਹਮੇਸ਼ਾ ਵਾਰਿਐ ਬੰਦਾ।

ਬਣਾ ਕੇ ਨਰਕ ਜੀਵਨ ਨੂੰ,
ਅਖੇ ਜੀ ਤਾਰਿਐ ਬੰਦਾ।

ਕਰੇ ਪੂਰੀ ਜਦੋਂ ਮਰਜ਼ੀ,
ਬੜਾ ਸਤਿਕਾਰਿਐ ਬੰਦਾ।

ਕਹਾਉਂਦਾ ਚੁਸਤ ਹੈ ਭਾਵੇਂ,
ਸਮੇਂ ਨੇ ਚਾਰਿਐ ਬੰਦਾ।

ਜ਼ਮੀਰਾਂ ਜਾਗੀਆਂ 'ਜ਼ਖ਼ਮੀ',
ਜਦੋਂ ਲਲਕਾਰਿਐ ਬੰਦਾ।



ਆਦਮੀ 'ਚੋਂ ਆਦਮੀ ਨੂੰ ਭਾਲ਼ਦਾ ਹਾਂ।
ਮੈਂ ਗੁਆਚੀ ਜ਼ਿੰਦਗੀ ਨੂੰ ਭਾਲ਼ਦਾ ਹਾਂ।

ਮਤਲਬੀ ਸੰਸਾਰ ਐਨਾ ਹੋ ਗਿਆ ਹੈ,
ਦੋਸਤਾਂ 'ਚੋਂ ਦੋਸਤੀ ਨੂੰ ਭਾਲ਼ਦਾ ਹਾਂ।

ਰਾਜਨੀਤੀ ਹੈ ਵੜੀ ਰੱਬ ਦੇ ਘਰੀਂ ਵੀ,
ਸਿਜਦਿਆਂ 'ਚੋਂ ਬੰਦਗੀ ਨੂੰ ਭਾਲ਼ਦਾ ਹਾਂ।

ਜ਼ਖ਼ਮ ਕੀਤੇ ਨੇ ਜਿਨ੍ਹਾਂ ਗ਼ਮਖ਼ਾਰ ਬਣ ਕੇ,
ਫਿਰ ਉਨ੍ਹਾਂ ਦੀ ਬੇਰੁਖ਼ੀ ਨੂੰ ਭਾਲ਼ਦਾ ਹਾਂ।

ਰੋਸਿਆਂ-ਗਿਲਿਆਂ 'ਚ ਨਾ ਰੁਲ਼ ਜਾਣ ਉਮਰਾਂ,
ਪਿਆਰ ਦੀ ਅੱਧੀ ਘੜੀ ਨੂੰ ਭਾਲ਼ਦਾ ਹਾਂ।

ਕੀ ਕਰਾਂਗਾ ਰਿਸ਼ਤਿਆਂ ਦਾ ਨਾਮ ਦੇ ਕੇ,
ਬਣ ਸਕੇ ਜੇ ਸਹਿਮਤੀ ਨੂੰ ਭਾਲ਼ਦਾ ਹਾਂ।

ਭੀੜ ਹੀ ਬਸ ਭੀੜ ਹੈ 'ਜ਼ਖ਼ਮੀ' ਚੁਫੇਰੇ,
ਚਿਣਗ ਕੋਈ ਸੁਲ਼ਘਦੀ ਨੂੰ ਭਾਲ਼ਦਾ ਹਾਂ।

ਪੱਲੇ ਜਿਨ੍ਹਾਂ ਦੇ ਸੱਚ ਆਚਾਰ ਜ਼ਖ਼ਮੀ।
ਹੁੰਦੈ ਉਨ੍ਹਾਂ ਦੇ ਮਗਰ ਸੰਸਾਰ ਜ਼ਖ਼ਮੀ।

ਚੜ੍ਹਦੀ ਕਲਾ ਦੀ ਜਿਨ੍ਹਾਂ ਨੇ ਜਾਚ ਸਿੱਖੀ,
ਕਦੇ ਹੁੰਦੀ ਨਾ ਉਨ੍ਹਾਂ ਦੀ ਹਾਰ ਜ਼ਖ਼ਮੀ।

ਖਾਂਦੇ ਦੇਖੀਏ ਕਦੇ ਨਾ ਕਹਿਣ ਸਿਆਣੇ,
ਪੈਂਦੀ ਚੋਰਾਂ ਦੇ ਦੇਖੀਏ ਮਾਰ ਜ਼ਖ਼ਮੀ।

ਜਦੋਂ ਮਾਰਿਆ ਮਾਰਿਐ ਦੋਸਤਾਂ ਨੇ,
ਵੈਰੀ ਕਿੱਥੇ ਸੀ ਇੰਝ ਹੁਸ਼ਿਆਰ ਜ਼ਖ਼ਮੀ।

ਕੋਈ ਢੰਗ ਤਰੀਕਾ ਨਾ ਬਚੇ ਜੇਕਰ,
ਧੂਹਣੀ ਸਹੀ ਹੈ ਫੇਰ ਤਲਵਾਰ ਜ਼ਖ਼ਮੀ।

ਜਦੋਂ ਜਦੋਂ ਨੇ ਪੱਗਾਂ ਦੇ ਰੰਗ ਬਦਲੇ,
ਰੰਗ ਬਦਲਦੇ ਨਾਲ ਅਖ਼ਬਾਰ ਜ਼ਖ਼ਮੀ।

ਨਿੱਘਾ ਲੋਕਾਂ ਦਾ ਰਹੇ ਪਿਆਰ ਮਿਲਦਾ,
ਪਵੇ ਭੱਠੀ ਦੇ ਵਿੱਚ ਸਰਕਾਰ ਜ਼ਖ਼ਮੀ।



ਹਰਦਮ ਰਹਿੰਦੇ ਜੂਝਦੇ, ਮੰਨਣ ਨਾ ਜੋ ਹਾਰ।
ਹੁੰਦੀ ਜੀਵਨ ਵਿੱਚ ਨਾ, ਕਦੇ ਉਨ੍ਹਾਂ ਦੀ ਹਾਰ।

ਤੂਫ਼ਾਨਾਂ ਦੇ ਵਿੱਚ ਨੇ, ਬਲ਼ਦੇ ਬਣ ਕੇ ਲਾਟ,
ਦੇਖ ਜਿਨ੍ਹਾਂ ਦੇ ਹੌਸਲੇ, ਜਾਂਦੇ ਦੁਸ਼ਮਣ ਹਾਰ।

ਮੱਥੇ ਦੇ ਵਿੱਚ ਜਿੱਤ ਦਾ, ਰੱਖਣ ਜੋ ਵਿਸ਼ਵਾਸ,
ਉਹਨਾਂ ਦੇ ਗਲ਼ ਵਿੱਚ ਹੀ, ਪੈਂਦੇ ਆਖ਼ਰ ਹਾਰ।

ਰਿਸ਼ਤੇ ਨਾਤੇ ਕਦੇ ਨਾ, ਆਉਣ ਉਨ੍ਹਾਂ ਨੂੰ ਰਾਸ,
ਆਪਣਿਆਂ ਦੇ ਵਿੱਚ ਹੀ, ਦੇਖਣ ਜੋ ਜਿੱਤ ਹਾਰ।

ਸਮਝਣ ਜਿਹੜੇ ਇਸ਼ਕ ਨੂੰ, ਦੇਹਾਂ ਵਾਲੀ ਖੇਡ,
ਹੁੰਦੇ ਕਦੇ ਨਸੀਬ ਨਾ, ਗਲ਼ ਬਾਹਾਂ ਦੇ ਹਾਰ।

ਹਾੜ੍ਹੀ ਸਾਉਣੀ ਨੇ ਕਦੇ, ਕੀਤਾ ਨਾ ਹੱਥ ਲੋਟ,
ਪਤਨੀ ਮੰਗੇ ਚਿਰਾਂ ਤੋਂ, ਇੱਕ ਸੋਨੇ ਦਾ ਹਾਰ।

ਹਾਰਨ ਵਿੱਚ ਵੀ ਜਿੱਤ ਦਾ, ਹੁੰਦਾ ਹੈ ਅਹਿਸਾਸ,
'ਜ਼ਖ਼ਮੀ' ਮਨ ਦੇ ਮੀਤ ਤੋਂ, ਬੈਠੇ ਜੋ ਦਿਲ ਹਾਰ।

ਬਾਗ਼ੀ ਹੋਇਆ ਚਾਨਣਾ, ਕਰ ਦਿੱਤਾ ਐਲਾਨ।
ਚੁੱਕੋ ’ਥੌੜੇ ਦਾਤੀਆਂ, ਕਿਰਤੀ ਤੇ ਕਿਰਸਾਨ।

ਰਾਖਾ ਰੱਬ ਦੇ ਘਰਾਂ ਦਾ, ਹੋਇਆ ਜੇ ਸ਼ੈਤਾਨ।
ਦਿਸਦਾ ਲਹੂ-ਲੁਹਾਣ ਹੈ, ਤਾਂ ਹੀ ਤਾਂ ਇਨਸਾਨ।

ਕਾਹਤੋਂ ਕਰੀਏ ਖ਼ੁਦਕੁਸ਼ੀ, ਬਣ ਜਾਈਏ ਤੂਫ਼ਾਨ।
ਫੜ ਕੇ ਤਖ਼ਤ ਹਲੂਣੀਏ, ਪਾ ਦੇਈਏ ਘਮਸਾਨ।

ਜੇਕਰ ਖਾਵੇ ਚੋਪੜੀ, ਵਿਹਲਾ ਬਹਿ ਧਨਵਾਨ।
ਰੁੱਖੀ-ਸੁੱਖੀ ਕਿਉਂ ਕਰੇ, ਮਿਹਨਤਕਸ਼ ਪਰਵਾਨ।

ਜਿਸ ਦੇ ਪੈਸੇ ਨਾਲ ਹੈ, ਹੁੰਦਾ ਹਰ ਮਤਦਾਨ।
ਕਿਉਂ ਨਾ ਲੋਟੂ ਵਰਗ ਦਾ, ਫ਼ਿਕਰ ਕਰੇ ਸੰਵਿਧਾਨ।

ਕਿਰਤ ਕਰੋ ਤੇ ਵੰਡ ਛਕੋ, ਨਾਨਕ ਦਾ ਫ਼ੁਰਮਾਨ।
ਕੀਤਾ ਹੁੰਦਾ ਅਮਲ ਜੇ, ਬਣਦਾ ਸੁਰਗ ਜਹਾਨ।

ਕਹਿੰਦਾ ਕਾਣੀ ਵੰਡ ਨੂੰ, ਕਰਮਾਂ ਦਾ ਭੁਗਤਾਨ।
‘ਜ਼ਖ਼ਮੀ’ ਪੈਣੈ ਬਦਲਣਾ, ਠੱਗਾਂ ਦਾ ਭਗਵਾਨ।



ਹਿੰਦੂ ਸਿੱਖ ਤਾਂ ਬਣ ਗਿਆ, ਬਣਿਆ ਮੁਸਲਮਾਨ।
ਦੀਵਾ ਲੈ ਕੇ ਭਾਲ਼ਿਆ, ਮਿਲਿਆ ਨਾ ਇਨਸਾਨ।

ਦਾਗ਼ਣ ਇੰਝ ਬਿਆਨ ਨੂੰ, ਰੱਬ ਦੇ ਠੇਕੇਦਾਰ,
ਮਾਨਵਤਾ ਲਾਚਾਰ ਹੈ, ਸਭ ਦੀ ਬੰਦ ਜ਼ੁਬਾਨ।

ਦਿੱਤੀਆਂ ਕੱਟ ਕਲੋਨੀਆਂ, ਥਾਂ ਥਾਂ ਉੱਸਰੇ ਮਾਲ,
ਬਿਰਖ ਵਿਚਾਰੇ ਵਿਲਕਦੇ, ਕੁੱਖਾਂ ਨੇ ਸ਼ਮਸ਼ਾਨ।

ਮੌਜ਼ ਬਣੀ ਸਰਕਾਰ ਨੂੰ, ਮੰਗਣ ਨਾ ਰੁਜ਼ਗਾਰ,
ਗੱਭਰੂ ਨੇ ਪੰਜਾਬ ਦੇ, ਨਸ਼ਿਆਂ ਵਿੱਚ ਗਲਤਾਨ।

ਅਨਪੜ੍ਹ ਵਰਗੀ ਹੀ ਰਹੀ, ਪੜ੍ਹਿਆਂ ਦੀ ਕਰਤੂਤ,
ਬੰਦਾ ਲੈ ਕੇ ਡਿਗਰੀਆਂ, ਨਾ ਬਣਿਆ ਵਿਦਵਾਨ।

ਕੀਤੇ ਲਹੂ-ਲੁਹਾਣ ਨੇ, ਨਾਨਕ ਦੇ ਉਪਦੇਸ਼,
ਅੰਮ੍ਰਿਤ ਬਾਟਾ ਇੱਕ ਹੈ, ਵੱਖਰੇ ਧਰਮ ਸਥਾਨ।

ਕਿਰਤੀ ਤੇ ਕਿਰਸਾਨ ਦੀ, ਪਸ਼ੂਆਂ ਵਰਗੀ ਜੂਨ,
ਕਿੱਦਾਂ ‘ਜ਼ਖ਼ਮੀ’ ਕਹਿ ਦਿਆਂ, ਭਾਰਤ ਦੇਸ਼ ਮਹਾਨ।

ਸ਼ਬਦ ਬਣੇ ਸ਼ਮਸ਼ੀਰ, ਸਵੇਰਾ ਦੂਰ ਨਹੀਂ।
ਲਿਖਣੀ ਖ਼ੁਦ ਤਕਦੀਰ, ਸਵੇਰਾ ਦੂਰ ਨਹੀਂ।

ਸੰਗਤ ਦੀ ਸੱਥ ਵਿੱਚ ਦਿਖਾਉਣਾ ਹਾਕਮ ਨੂੰ,
ਉਸ ਦੀ ਅੱਖ ਦਾ ਟੀਰ, ਸਵੇਰਾ ਦੂਰ ਨਹੀਂ।

ਸੈਦਾ ਖੇੜਾ ਖੋਹ ਕੇ ਕਦੇ ਲਿਜਾਊ ਨਾ,
ਰਾਂਝੇ ਕੋਲੋਂ ਹੀਰ, ਸਵੇਰਾ ਦੂਰ ਨਹੀਂ।

ਚੁੱਲ੍ਹੇ ਵਿੱਚ ਬਸੰਤਰ ਹੋਣੀ ਕਿਰਤੀ ਦੇ,
ਰਹਿਣੇ ਨਾ ਦਿਲਗੀਰ, ਸਵੇਰਾ ਦੂਰ ਨਹੀਂ।

ਸਿਰਲੱਥਾਂ ਨੇ ਲਾਉਣੀ ਬਾਜੀ ਸਿਰਧੜ ਦੀ,
ਖਿੱਚੀਂ ਖੜ੍ਹੇ ਲਕੀਰ, ਸਵੇਰਾ ਦੂਰ ਨਹੀਂ।

ਮਹਿਲਾਂ ’ਚੋਂ ਧੂਹ ਲੈਣੇ ਅੱਕੇ ਲੋਕਾਂ ਨੇ,
ਬਾਬੇ, ਸੇਠ, ਵਜ਼ੀਰ, ਸਵੇਰਾ ਦੂਰ ਨਹੀਂ।

‘ਜ਼ਖ਼ਮੀ’ ਕੂੜ ਨਿਖੁੱਟੂ, ਤਖ਼ਤੇ ਡੋਲਣਗੇ,
ਜਿੱਤੂ ਸੱਚ ਅਖ਼ੀਰ, ਸਵੇਰਾ ਦੂਰ ਨਹੀਂ।



ਹੋ ਕੇ ਜਦੋਂ ਇਕੱਠੇ ਚੱਲੇ, ਦਾਤੀ ਅਤੇ ਹਥੌੜੇ।
ਤੋੜ੍ਹਨਗੇ ਕੌਰੂ ਦੇ ਗੱਲੇ, ਦਾਤੀ ਅਤੇ ਹਥੌੜੇ।

ਉਸ ਤੋਂ ਵੱਡਾ ਵੈਰੀ ਸਾਡਾ, ਹੋਰ ਨਹੀਂ ਹੈ ਕੋਈ,
ਜਿਹੜਾ ਕਰਦੈ ’ਕੱਲੇ ’ਕੱਲੇ, ਦਾਤੀ ਅਤੇ ਹਥੌੜੇ।

ਖ਼ੁਦਕੁਸ਼ੀਆਂ ਦਾ ਰਸਤਾ ਛੱਡੋ, ਕਿਰਤੀ ਅਤੇ ਕਿਸਾਨੋਂ,
ਕਰ ਸਕਦੇ ਨੇ ਬੱਲੇ ਬੱਲੇ, ਦਾਤੀ ਅਤੇ ਹਥੌੜੇ।

ਨਾਗਾਂ ਨੂੰ ਖੁੱਡਾਂ ’ਚੋਂ ਬਾਹਰ, ਕੱਢਾਂਗੇ ਧੂਹ ਧੂਹ ਕੇ,
ਜਦ ਤੀਕਰ ਨੇ ਸਾਡੇ ਪੱਲੇ, ਦਾਤੀ ਅਤੇ ਹਥੌੜੇ।

ਇੱਟ ਦੇ ਨਾਲ ਵਜਾ ਦਿੰਦੇ ਇੱਟ, ਪਾਉਂਦੇ ਨੱਕ ਨਕੇਲਾਂ,
ਕਰਦੇ ਨੇ ਜਦ ਜਦ ਵੀ ਹੱਲੇ, ਦਾਤੀ ਅਤੇ ਹਥੌੜੇ।

ਢਾਹ ਦਿੰਦੇ ਨੇ ਕੰਧ ਉਸਾਰੀ, ਜਾਤਾਂ ਧਰਮਾਂ ਵਾਲੀ,
ਤਖ਼ਤਾਂ ਤੋਂ ਲਾਹ ਲੈਂਦੇ ਥੱਲੇ, ਦਾਤੀ ਅਤੇ ਹਥੌੜੇ।

‘ਜ਼ਖ਼ਮੀ’ ਰਸਤਾ ਇਨਕਲਾਬ ਦਾ, ਲੋਕਾਂ ਨੂੰ ਸਮਝਾਈਏ,
ਲੈ ਕੇ ਚੱਲੀਏ ਗਲ਼ੀ ਮੁਹੱਲੇ, ਦਾਤੀ ਅਤੇ ਹਥੌੜੇ।

ਫਿਰਦੇ ਆਪ ਮੁਹਾਰੇ ਲੋਕ।
ਲੈਂਦੇ ਸਾਹ ਉਧਾਰੇ ਲੋਕ।

ਬਾਹਰੋਂ ਦਿਸਦੇ ਹੌਲ਼ੇ ਫੁੱਲ,
ਪਰਬਤ ਤੋਂ ਵੀ ਭਾਰੇ ਲੋਕ।

ਤਦ ਤਦ ਹੁੰਦੈ ਝੁੱਗਾ ਚੌੜ,
ਜਦ ਜਦ ਬਣੇ ਵਿਚਾਰੇ ਲੋਕ।

ਦਿਨ ਨੂੰ ਲੱਗਣ ਜੋ ਦਰਵੇਸ਼,
ਰਾਤੀਂ ਕਰਦੇ ਕਾਰੇ ਲੋਕ।

ਜਾਤਾਂ, ਧਰਮਾਂ ਦੇ ਵਿੱਚ ਵੰਡ,
ਜੀਵਨ ਦੀ ਜੰਗ ਹਾਰੇ ਲੋਕ।

ਬਣਦੇ ਨਹੀਂ ਵਿਧਾਤਾ ਆਪ,
ਲੱਭਦੇ ਰਹਿਣ ਸਹਾਰੇ ਲੋਕ।

'ਜ਼ਖ਼ਮੀ' ਜਿੱਤਾਂ ਚੁੰਮਣ ਪੈਰ,
ਜੇਕਰ ਹੋਣ ਕਰਾਰੇ ਲੋਕ।



ਸਿਰ 'ਤੇ ਜਦੋਂ ਸਜਾਈ ਪੱਗ।
ਦੁਨੀਆਂ ਨੇ ਵਡਿਆਈ ਪੱਗ।

ਇੱਕ ਦੂਜੇ ਤੋਂ ਵਾਰਨ ਜਾਨ,
ਹੋਵੇ ਜਿਨ੍ਹਾਂ ਵਟਾਈ ਪੱਗ।

ਦੇਣ ਵਿਦੇਸ਼ੀ ਹੱਲਾ ਬੋਲ,
ਹੁੰਦੀ ਸਦਾ ਸਹਾਈ ਪੱਗ।

ਵੱਖੋ ਵੱਖ ਧਰਮਾਂ ਦੇ ਲੋਕ,
ਸਭ ਨੇ ਹੀ ਅਪਣਾਈ ਪੱਗ।

ਗੱਭਰੂ ਭੁੱਲੇ ਨੇ ਸਤਿਕਾਰ,
ਤਾਂ ਹੀ ਬਣੀ ਪਰਾਈ ਪੱਗ।

ਹੁੰਦੀ ਹੈ ਅਣਖਾਂ ਦੀ ਮੌਤ,
ਪੈਰਾਂ ਵਿੱਚ ਟਿਕਾਈ ਪੱਗ।

'ਜ਼ਖ਼ਮੀ' ਸੱਚਾ ਹੈ ਸਿਰਦਾਰ,
ਜਿਸ ਨੇ ਤਾਜ ਬਣਾਈ ਪੱਗ।

ਬੰਦੇ ਨੂੰ ਜਦ ਚੜ੍ਹੇ ਜ਼ਨੂੰਨ।
ਹੋ ਜਾਂਦੈ ਫਿਰ ਚਿੱਟਾ ਖ਼ੂਨ।

ਪੁੱਛਦਾ ਹੈ ਤਕੜੇ ਨੂੰ ਕੌਣ,
ਮਾੜੇ ਖ਼ਾਤਰ ਸਭ ਕਾਨੂੰਨ।

ਲੱਖ ਚੁਰਾਸੀ ਦਾ ਸਰਦਾਰ,
ਪਸ਼ੂਆਂ ਤੋਂ ਵੀ ਭੈੜੀ ਜੂਨ।

ਦੁੱਧ ਦੇ ਘਰੋਂ ਭਰਾ ਕੇ ਢੋਲ,
ਲੈਂਦਾ ਦਹੀਂ ਫਿਰੇ ਪਰਚੂਨ।

ਭਾਜੀ ਮੋੜੇ ਨਾ ਜਦ ਤੱਕ,
ਹਉਮੈ ਨੂੰ ਨਾ ਮਿਲੇ ਸਕੂਨ।

ਮਨ ਅੰਦਰ ਫੈਲੀ ਦੁਰਗੰਧ,
ਤਾਂ ਹੀ ਮਹਿੰਗੇ ਨੇ ਪ੍ਰਫਿਊਨ।

'ਜ਼ਖ਼ਮੀ' ਰਚਨਾ ਹੋਵੇ ਖ਼ੂਬ,
ਜੇਕਰ ਸਮਝਾਂਗੇ ਮਜ਼ਮੂਨ।



ਗੋਰੇ ਭਾਵੇਂ ਕਾਲ਼ੇ ਨਾਲ।
ਟੱਕਰ ਘਾਲ਼ੇ ਮਾਲ਼ੇ ਨਾਲ।

ਛੱਤ ਵਿਹੂਣੇ ਭੁੱਖੇ ਲੋਕ,
ਮਰਦੇ ਲੂਆਂ ਪਾਲ਼ੇ ਨਾਲ।

ਭੋਗੇ ਨਰਕ ਨਸ਼ੇੜੀ ਆਪ,
ਕਿੰਨੇ ਹੀ ਘਰ ਗਾਲ਼ੇ ਨਾਲ।

ਹਾਰ ਗਿਆਂ ਨੂੰ ਪੁੱਛੇ ਕੌਣ,
ਹੁੰਦੇ ਜਿੱਤਣ ਵਾਲ਼ੇ ਨਾਲ।

ਜਿੱਥੇ ਜਾਂਦਾ ਹੈ ਇਨਸਾਨ,
ਜਾਂਦੇ ਮਨ ਦੇ ਜਾਲ਼ੇ ਨਾਲ।

ਮਿਲਦੈ ਲੋਟੂ ਨੂੰ ਧਰਵਾਸ,
ਕਵੀਆ ਤੇਰੇ ਟਾਲ਼ੇ ਨਾਲ।

'ਜ਼ਖ਼ਮੀ' ਖਾਂਦੈ ਖ਼ੌਫ਼ ਹਨੇਰ,
ਜੇਕਰ ਖੜ੍ਹੇ ਉਜਾਲ਼ੇ ਨਾਲ।

ਕਿਹੋ ਜਿਹਾ ਚੰਦਰਾ ਜ਼ਮਾਨਾ ਆ ਗਿਆ।
ਮਾਣ ਸਤਿਕਾਰ ਵੱਡਿਆਂ ਦਾ ਖਾ ਗਿਆ।

ਗਿੱਧੇ 'ਚ ਨਾ ਹੁਣ ਮੁਟਿਆਰ ਨੱਚਦੀ,
ਭੰਗੜੇ ਕਬੱਡੀ ਗੱਭਰੂ ਭੁਲਾ ਗਿਆ।

ਸੁੱਖੀਂ ਸਾਂਦੀਂ ਵੱਸਦਾ ਪੰਜਾਬ ਨਾ ਰਿਹਾ,
ਖ਼ੌਰੇ ਕੌਣ ਪਾਣੀਆਂ ਨੂੰ ਅੱਗ ਲਾ ਗਿਆ।

ਨਸ਼ਿਆਂ ਖ਼ਿਲਾਫ਼ ਸੀ ਜੋ ਸੰਘ ਪਾੜਦਾ,
ਚੋਣਾਂ 'ਚ ਅਹਾਤੇ ਘਰਾਂ ਨੂੰ ਬਣਾ ਗਿਆ।

ਬਣਿਆ ਅੰਗੂਠਾ-ਛਾਪ ਸੰਤ ਜਦੋਂ ਦਾ,
ਨਿੱਤ ਨਵੇਂ ਲੋਕਾਂ 'ਚ ਪੁਆੜੇ ਪਾ ਗਿਆ।

ਪੱਟ 'ਤੀ ਸਮੋਸਿਆਂ ਨੇ ਹੀਰ ਅੱਜ ਦੀ,
ਬੈਂਕ ਦਾ ਵਿਆਜ਼ ਰਾਂਝੇ ਨੂੰ ਹਰਾ ਗਿਆ।

'ਜ਼ਖ਼ਮੀ' ਤਾਂ ਗ਼ਜ਼ਲਾਂ ਬਣਾਉਂਦਾ ਥੱਕਿਆ,
ਪੇਪਰਾਂ 'ਚ ਕੋਈ ਹੋਰ ਹੀ ਛਪਾ ਗਿਆ।



ਸਮੇਂ ਨੂੰ ਸਮਝ ਕੇ ਬੰਦਾ ਜਦੋਂ ਲਲਕਾਰ ਚੱਲਦੈ।
ਬਣਾ ਕੇ ਕਾਫ਼ਲੇ ਪਿੱਛੇ ਤਦੇ ਸੰਸਾਰ ਚੱਲਦੈ।

ਖ਼ੁਸ਼ੀ ਵਿੱਚ ਨਾ ਖ਼ੁਸ਼ੀ ਬਹੁਤੀ, ਗ਼ਮੀ ਵਿੱਚ ਚੀਕਦਾ ਨਾ,
ਸਿਆਣਾ ਆਦਮੀ ਹਰ ਵਕਤ ਹੀ ਇੱਕ ਸਾਰ ਚੱਲਦੈ।

ਅਜੇਹਾ ਮਤਲਬੀ ਦੋਸਤ, ਬੁਰਾ ਹੈ ਦੁਸ਼ਮਣਾਂ ਤੋਂ,
ਪੁਰਾਣੀ ਦਿਲ 'ਚ ਕੋਈ ਰੱਖ ਕੇ ਜੋ ਖ਼ਾਰ ਚੱਲਦੈ।

ਗੁਰੂਘਰ ਜਾਣ ਦਾ ਭਾਵੇਂ, ਨਹੀਂ ਨਿੱਤਨੇਮ ਕੋਈ,
ਕਦੇ ਲੰਗਰ ਸੁਣੇ ਬਣਿਆ, ਸਣੇ ਪਰਿਵਾਰ ਚੱਲਦੈ।

ਕਦੇ ਪਰਦਾ ਪਵੇ ਪਾਉਣਾ, ਕਦੇ ਪਰਦਾ ਹਟਾਉਣਾ,
ਭਲਾਂ ਕਦ ਇਸ ਤਰ੍ਹਾਂ ਕੀਤੇ ਬਿਨਾਂ ਅਖ਼ਬਾਰ ਚੱਲਦੈ।

ਬਣੀ ਹੈ ਪਿੰਡ ਦੀ ਸਰਪੰਚ ਘਰਵਾਲ਼ੀ ਜਦੋਂ ਤੋਂ,
ਉਦੋਂ ਤੋਂ ਸਮਝ ਕੇ ਖ਼ੁਦ ਨੂੰ ਜਿਵੇਂ ਸਰਕਾਰ ਚੱਲਦੈ।

ਹਮੇਸ਼ਾ ਜਿੱਤਦੈ 'ਜ਼ਖ਼ਮੀ' ਕਦੇ ਨਾ ਹਾਰਦਾ ਉਹ,
ਜੁਝਾਰੂ ਜਿੱਤ ਦਾ ਨਿਹਚਾ, ਜਦੋਂ ਵੀ ਧਾਰ ਚੱਲਦੈ।

ਬਰਫ਼ ਦੀ ਬਲ਼ਦੀ ਨਦੀ ਹੈ ਵੇਸਵਾ।
ਸੁਪਨਿਆਂ ਦੀ ਖ਼ੁਦਕੁਸ਼ੀ ਹੈ ਵੇਸਵਾ।

ਭੋਗਦੀ ਸੰਤਾਪ ਹਰ ਪਲ ਹੱਸ ਕੇ,
ਪਿਆਰ ਫਿਰ ਵੀ ਵੰਡਦੀ ਹੈ ਵੇਸਵਾ।

ਰੋਲ਼ਿਐ ਮੰਦਹਾਲੀਆਂ ਨੇ ਏਸ ਨੂੰ,
ਹਾਕਮਾਂ ਦੀ ਬੇਰੁਖ਼ੀ ਹੈ ਵੇਸਵਾ।

ਸਾਂਭਦੀ ਪਤਵੰਤਿਆਂ ਦੀ ਪਤ ਸਦਾ,
ਆਪ ਸਹਿੰਦੀ ਬੇਪਤੀ ਹੈ ਵੇਸਵਾ।

ਭੇਦ ਕੋਈ ਧਰਮ ਦਾ ਨਾ ਜਾਤ ਦਾ,
ਇੱਕ ਸਭ ਨੂੰ ਸਮਝਦੀ ਹੈ ਵੇਸਵਾ।

ਲੀਡਰਾਂ ਦੇ ਵਾਂਗ ਵੇਚੇ ਮੁਲਕ ਨਾ,
ਏਸ ਗੱਲੋਂ ਤਾਂ ਭਲੀ ਹੈ ਵੇਸਵਾ।

ਜੇ ਮਿਲੇ ਅਪਣੱਤ 'ਜ਼ਖ਼ਮੀ' ਏਸ ਨੂੰ,
ਘਰ ਵਸਾਉਣਾ ਲੋਚਦੀ ਹੈ ਵੇਸਵਾ।



ਨੀਂਦ ਵਿੱਚ ਹਰਦਮ ਖਿਡੌਣੇ ਦੀ ਤਰ੍ਹਾਂ ਤੁਰਦਾ ਰਹੇ।
ਜਾਪਦੈ ਹਰ ਹਾਲ ਵਿੱਚ ਹੀ ਆਦਮੀ ਮੁਰਦਾ ਰਹੇ।

ਆਉਂਦੀਆਂ ਛੱਲਾਂ ਜਦੋਂ ਵੀ ਚੁੰਮ ਕੇ ਮੂੰਹ ਮੁੜਦੀਆਂ,
ਪਰ ਕਿਨਾਰੇ ਵਾਂਗਰਾਂ ਹੀ ਦਿਲ ਸਦਾ ਖੁਰਦਾ ਰਹੇ।

ਜਾਣਦਾ ਹਾਂ ਮਿਲਣ ਤੇਰਾ ਹੈ ਨਿਰਾ ਸੁਪਨਾ ਜਿਹਾ,
ਦੀਦ ਦਾ ਫੁਰਨਾ ਜਿਹਾ ਕਿਉਂ ਫੇਰ ਵੀ ਫੁਰਦਾ ਰਹੇ।

ਸਫ਼ਲਤਾ ਭਾਵੇਂ ਕਦੇ ਕਿੰਨੀ ਕਿਸੇ ਨੂੰ ਵੀ ਮਿਲੇ,
ਹੋਰਨਾਂ ਨੂੰ ਸਫ਼ਲ ਹੁੰਦਾ ਦੇਖ ਕੇ ਝੁਰਦਾ ਰਹੇ।

ਬਾਲ ਕਿਰਤੀ ਕਾਮਿਆਂ ਦੇ ਸੌਣ ਭਰ ਕੇ ਪੇਟ ਸਭ,
ਸਿਲਸਿਲਾ ਰੁਜ਼ਗਾਰ ਦਾ ਏਸੇ ਤਰ੍ਹਾਂ ਤੁਰਦਾ ਰਹੇ।

ਦਿਸ ਰਿਹਾ ਪੱਥਰ ਜਿਹਾ ਜੋ ਸੱਚ ਨਾ ਜਾਣੀ ਕਿਤੇ,
ਅੰਦਰੋਂ ਉਹ ਵੀ ਪਤਾਸੇ ਵਾਂਗ ਹੀ ਭੁਰਦਾ ਰਹੇ।

ਏਸ ਤੋਂ ਵਧਕੇ ਕੋਈ ਵਰਦਾਨ 'ਜ਼ਖ਼ਮੀ' ਹੈ ਨਹੀਂ,
ਲੋਚਦੈ ਸੰਸਾਰ ਹੀ ਤੰਦਰੁਸਤ ਦਿਲ ਗੁਰਦਾ ਰਹੇ।

ਸਹਾਰੇ ਹਰ ਕਦਮ 'ਤੇ ਜੋ ਮੁਸਾਫ਼ਿਰ ਭਾਲ਼ਦੇ ਨੇ।
ਅਜਾਈਂ ਸਫ਼ਰ ਦੇ ਵਿੱਚ ਉਮਰ ਸਾਰੀ ਗਾਲ਼ਦੇ ਨੇ।

ਹਨੇਰਾ ਰੋਕ ਨਾ ਸਕਿਆ ਕਦੇ ਅਲਬੇਲਿਆਂ ਨੂੰ,
ਦਿਲਾਂ ਦਾ ਖ਼ੂਨ ਪਾ ਕੇ ਜੋ ਮਸ਼ਾਲਾਂ ਬਾਲ਼ਦੇ ਨੇ।

ਵਿਧਾਤਾ ਬਣ ਸਕੇ ਨਾ ਆਪਣੀ ਤਕਦੀਰ ਦੇ ਜੋ,
ਹਮੇਸ਼ਾ ਸਫ਼ਲਤਾਵਾਂ ਨੂੰ ਦਰਾਂ ਤੋਂ ਟਾਲ਼ਦੇ ਨੇ।

ਨਹੀਂ ਹੈ ਲੋੜ ਓਹਨਾਂ ਜੁਗਨੂੰਆਂ ਦੀ ਲੋਕਤਾ ਨੂੰ,
ਵਿਚਾਰੇ ਪੰਛੀਆਂ ਦੇ ਆਲ੍ਹਣੇ ਜੋ ਜਾਲ਼ਦੇ ਨੇ।

ਬਹਾਦਰ ਬਦਲਦੇ ਆਏ ਹਮੇਸ਼ਾ ਹਾਲਤਾਂ ਨੂੰ,
ਨਹੀਂ ਖ਼ੁਦ ਨੂੰ ਹਾਲਾਤਾਂ ਦੇ ਮੁਤਾਬਿਕ ਢਾਲ਼ਦੇ ਨੇ।

ਬਣਾਏ ਆਪ ਹੀ ਘੜ ਕੇ ਮਨਾਉਂਦੇ ਰੱਬ ਜਿਹੜੇ,
ਭੁਲੇਖੇ, ਡਰ ਬੜੇ ਹੀ ਉਹ ਮਨਾਂ ਵਿੱਚ ਪਾਲ਼ਦੇ ਨੇ।

ਸਦਾ ਹੀ ਮੰਜ਼ਿਲਾਂ 'ਜ਼ਖ਼ਮੀ' ਉਨ੍ਹਾਂ ਦੇ ਕਦਮ ਚੁੰਮਣ,
ਤਲ਼ੀ 'ਤੇ ਸਿਰ ਟਿਕਾ ਕੇ ਘਾਲਣਾ ਜੋ ਘਾਲ਼ਦੇ ਨੇ।



ਭਲਾਂ ਖ਼ੁਦ ਜੋ ਅਸੀਂ ਚਾਹੁੰਦੇ ਸਦਾ ਹੀ ਆਪਣੇ ਖ਼ਾਤਰ।
ਵਤੀਰਾ ਕਿਉਂ ਨਹੀਂ ਸਾਡਾ ਉਹੀ ਹੁੰਦਾ ਕਿਸੇ ਖ਼ਾਤਰ।

ਭਲਾਈ ਓਸ ਦੇ ਵਿੱਚ ਆਪਣੀ ਵੀ ਲਾਜ਼ਮੀ ਹੁੰਦੀ,
ਜਦੋਂ ਵੀ ਕੰਮ ਕਰਦੇ ਹਾਂ ਅਸੀਂ ਸਭ ਦੇ ਭਲੇ ਖ਼ਾਤਰ।

ਜਵਾਨੀ ਰੁਲ਼ ਰਹੀ ਨਾ ਦੇਖ ਹੋਵੇ ਮਾਪਿਆਂ ਕੋਲੋਂ,
ਹਮੇਸ਼ਾ ਭਟਕਦੀ ਹੀ ਦੇਖਦੇ ਨੇ ਜਦ ਨਸ਼ੇ ਖ਼ਾਤਰ।

ਕਿਸੇ ਨੂੰ ਪੇਟ ਭਰ ਕੇ ਵੀ ਨਹੀਂ ਮਿਲਦੀ ਕਦੇ ਰੋਟੀ,
ਹਜ਼ਾਰਾਂ ਹੀ ਲੁਟਾਈਂ ਜਾ ਰਿਹੈ ਕੋਈ ਮਜ਼ੇ ਖ਼ਾਤਰ।

ਕਿਸੇ ਦਾ ਤਾਂ ਭਮਾ ਨੁਕਸਾਨ ਕਿੰਨਾ ਵੀ ਰਹੇ ਹੁੰਦਾ,
ਜੁਗਾੜੀ ਆਦਮੀ ਤਾਂ ਘਾੜਤਾਂ ਘੜਦੈ ਨਫ਼ੇ ਖ਼ਾਤਰ।

ਨਹੀਂ ਮਜ਼ਦੂਰ ਦੀ ਚਿੰਤਾ, ਨਹੀਂ ਕਿਰਸਾਨ ਦੀ ਚਿੰਤਾ,
ਸਿਆਸਤ ਹਰ ਸਮੇਂ ਹੀ ਸੋਚਦੀ ਕੇਵਲ ਧੜੇ ਖ਼ਾਤਰ।

ਰਹੀਂ ਨਿਰਵੈਰ ਤੇ ਨਿਰਭਉ, ਲੜੀਂ ਏਸੇ ਤਰ੍ਹਾਂ 'ਜ਼ਖ਼ਮੀ',
ਸਰਾਭੇ, ਭਗਤ, ਊਧਮ ਦੇ ਨਿਰਾਲੇ ਫ਼ਲਸਫ਼ੇ ਖ਼ਾਤਰ।

ਲੀਡਰ ਦਾ ਤੇ ਲੇਖਕ ਦਾ ਗੱਠਜੋੜ ਬਣਾਉਣਾ।
ਇਉਂ ਹੁੰਦੈ ਜਿਉਂ ਅੰਮ੍ਰਿਤ ਦੇ ਵਿੱਚ ਜ਼ਹਿਰ ਮਿਲਾਉਣਾ।

ਲੀਡਰ ਦਾ ਕੰਮ ਮਾਨਵਤਾ ਵਿੱਚ ਵੰਡੀਆਂ ਪਾਉਣਾ।
ਲੇਖਕ ਨੇ ਤਾਂ ਹੁੰਦਾ ਹੈ ਹਰ ਪਾੜ ਮਿਟਾਉਣਾ।

ਦੇਸ਼ ਕੌਮ ਤੋਂ ਲੀਡਰ ਨੂੰ ਹੈ ਕੁਰਸੀ ਪਿਆਰੀ,
ਕਲਮਾਂ ਨੇ ਹਰ ਹਾਲਤ ਪਰਉਪਕਾਰ ਕਮਾਉਣਾ।

ਤਾਜਾਂ ਤੇ ਤਖ਼ਤਾਂ ਦੀ ਰਹਿਣੀ ਜੰਗ ਹਮੇਸ਼ਾ,
ਚੇਤਨ ਲੋਕਾਂ ਨੇ ਨਾ ਡਰਨਾ ਨਾ ਘਬਰਾਉਣਾ।

ਸਾਹਿਤਕਾਰੀ ਵਿੱਚ ਜਦੋਂ ਆ ਵੜੀ ਸਿਆਸਤ,
ਜੁਗਨੂੰ ਨੇ ਫਿਰ ਨ੍ਹੇਰੇ ਨੂੰ ਗਲ਼ ਨਾਲ ਲਗਾਉਣਾ।

ਸ਼ਰਨ ਗਿਆਂ ਨੂੰ ਦਿੰਦੀ ਹੈ ਸਨਮਾਨ ਹਕੂਮਤ,
ਪੈਂਦੈ ਬਾਗ਼ੀ ਕਲਮਾਂ ਨੂੰ ਸੰਤਾਪ ਹੰਢਾਉਣਾ।

ਲੋਕਾਂ ਦਾ ਪੁੱਤ ਬਣ ਕੇ ਤਣਿਆ ਰਹਿ ਤੂੰ 'ਜ਼ਖ਼ਮੀ',
ਤਾਂ ਹੀ ਤੇਰਾ ਸਫ਼ਲ ਭਰਾਵਾ ਕਲਮ ਚਲਾਉਣਾ।



ਦੇਵੋ ਰੱਖ ਬਰਾਬਰ ਭਾਵੇਂ, ਜੱਗ ਦੀ ਦੌਲਤ ਸਾਰੀ।
ਫਿਰ ਵੀ ਉਸ ਨਾਲੋਂ ਵਡਮੁੱਲੀ, ਹੁੰਦੀ ਹੈ ਖ਼ੁਦਦਾਰੀ।

ਘਰ ਦੇ ਭੇਤੀ ਲੰਕਾ ਢਾਹੁੰਦੇ, ਕਰਦੇ ਜਦ ਗੱਦਾਰੀ।
ਹੁੰਦੀ ਵੀਰਾਂ ਨਾਲ ਹਮੇਸ਼ਾ, ਦੁਨੀਆਂ 'ਤੇ ਸਰਦਾਰੀ।

ਦਿੰਦੇ ਵੇਚ ਜ਼ਮੀਰਾਂ ਜਿਹੜੇ, ਲਾਹਣਤ ਹੁੰਦੈ ਜੀਣਾ,
ਕਹਿਣ ਸਿਆਣੇ ਸਭ ਤੋਂ ਵੱਡੀ, ਏਹੋ ਹੈ ਬਦਕਾਰੀ।

ਓਸੇ ਦੇ ਹੋ ਜਾਈਏ ਬੰਦੇ, ਜੀਹਦਾ ਦਿੱਤਾ ਖਾਈਏ,
ਚੋਰਾਂ ਨਾਲ ਰਲ਼ੇ ਜੇ ਕੁੱਤੀ, ਕਾਹਦੀ ਪਹਿਰੇਦਾਰੀ।

ਏਧਰ ਓਧਰ ਦੋਵੇਂ ਪਾਸੇ, ਜਿਹੜੇ ਵਫ਼ਾ ਨਿਭਾਉਂਦੇ,
ਹੁੰਦੇ ਨਹੀਂ ਕਿਸੇ ਦੇ ਵੀ ਉਹ, ਧੋਖੇਬਾਜ਼ ਵਪਾਰੀ।

ਲੋਕਾਂ ਵੱਲੋਂ ਦਿੱਤੀ ਮਾਇਆ ਹੀ ਦਸਵੰਧ ਕਹਾਵੇ,
ਮਾਇਆਧਾਰੀ ਕੋਲੇ ਜਾ ਕੇ, ਬਣਦੇ ਲੋਕ ਭਿਖਾਰੀ।

'ਜ਼ਖ਼ਮੀ' ਠੱਗ ਲੁਟੇਰੇ ਨੇਤਾ, ਨਾਲੇ ਲਿਖਦੇ ਰਹਿੰਦੇ,
ਨਾਲੇ ਸੱਦ ਕਸੀਦੇ ਪੜ੍ਹਦੇ, ਮਤਲਬਖੋਰ ਲਿਖਾਰੀ।

ਮੈਂ ਤਾਂ ਤੈਨੂੰ ਆਪਣਾ ਰੱਬ ਬਣਾਇਆ ਹੈ।
ਕਦਮ ਕਦਮ ’ਤੇ ਭਾਵੇਂ ਤੂੰ ਠੁਕਰਾਇਆ ਹੈ।

ਪੱਥਰ ਦਾ ਬੁੱਤ ਤੇਰਾ ਹੋਇਆ ਨਰਮ ਨਹੀਂ,
ਹੜ੍ਹ ਵਾਂਗੂੰ ਮੈਂ ਨੈਣੋਂ ਨੀਰ ਵਹਾਇਆ ਹੈ।

ਗੱਲ ਜਦੋਂ ਤੂੰ ਕੀਤੀ, ਕੀਤੀ ਮਤਲਬ ਨੂੰ,
ਮਤਲਬ ਬਾਝੋਂ ਮੂੰਹ ਨਾ ਕਦੇ ਦਿਖਾਇਆ ਹੈ।

ਮੱਛੀ ਵਾਂਗੂੰ ਤੜਫਾਂ ਜੇਕਰ ਮਿਲੀਏ ਨਾ,
ਮਿਲ ਕੇ ਵੀ ਤੂੰ ਭੱਠੀ ਵਾਂਗ ਤਪਾਇਆ ਹੈ।

ਹਵਸ ਘਟੇ ਜੇ ਦੌਲਤ ਦੀ ਤਾਂ ਦੇਖੇਂ ਤੂੰ,
ਮੰਦਰ ਵਰਗਾ ਦਿਲ ਮੇਰਾ ਜੋ ਢਾਇਆ ਹੈ।

ਤੂੰ ਹੀ ਦੱਸ ਦੇ ਮੈਨੂੰ, ਕਿਵੇਂ ਭੁਲਾਈਂਦੈ,
ਮੁੜ ਮੁੜ ਚੇਤੇ ਆਵੇਂ ਜਦੋਂ ਭੁਲਾਇਆ ਹੈ।

ਤੱਤੀ ਵਾਅ ਨਾ ਲੱਗੇ ਖ਼ੁਸ਼ੀਆਂ ਮਾਣੇਂ ਤੂੰ,
‘ਜ਼ਖ਼ਮੀ’ ਜੀਵਨ ਤੇਰੇ ਲੇਖੇ ਲਾਇਆ ਹੈ।



ਸ਼ਾਮ ਢਲ਼ੀ ਤੋਂ ਜਦ ਮੈਂ ਆਪਣੇ ਘਰ ਜਾਂਦਾ ਹਾਂ।
ਥੋੜ੍ਹੀ ਥੋੜ੍ਹੀ ਮੌਤ ਹਮੇਸ਼ਾ ਮਰ ਜਾਂਦਾ ਹਾਂ।

ਬਣ ਕੇ ਲਾਸ਼ ਡਰਾਉਂਦਾ ਹੈ ਆਪਣਾ ਹੀ ਚਿਹਰਾ,
ਸੱਚ ਕਹਿਣ ਤੋਂ ਭੋਰਾ ਵੀ ਜੇ ਡਰ ਜਾਂਦਾ ਹਾਂ।

ਪੀੜ ਬੜੀ ਦਿੰਦੀ ਹੈ ਤੇਰੀ ਮੱਥੇ ਤਿਉੜੀ,
ਦਿਲ ’ਤੇ ਪੱਥਰ ਧਰ ਕੇ ਹੌਕਾ ਭਰ ਜਾਂਦਾ ਹਾਂ।

ਵਿਹਲ ਨਹੀਂ ਹੈ ਝੂਠੇ-ਮੂਠੇ ਰੱਬ ਮਨਾਵਾਂ,
ਬਸ ਤੇਰੇ ਦਰ ਮੂਹਰੇ ਸਿਜਦਾ ਕਰ ਜਾਂਦਾ ਹਾਂ।

ਤੇਰਾ ਫ਼ੁੱਲ ਵਗਾਹਿਆ ਵੀ ਤੜਫਾਉਂਦੈ ਮੈਨੂੰ,
ਮਾਰੇ ਵੱਟੇ ਹੋਰਾਂ ਦੇ ਤਾਂ ਜਰ ਜਾਂਦਾ ਹਾਂ।

ਗ਼ੈਰਾਂ ਨਾਲ ਕਲੋਲ ਜਦੋਂ ਵੀ ਦੇਖਾਂ ਤੇਰੇ,
ਉਸ ਵੇਲ਼ੇ ਮੈਂ ਜਿੱਤੀ ਬਾਜ਼ੀ ਹਰ ਜਾਂਦਾ ਹਾਂ।

ਡੁੱਬਣ ਨੂੰ ਤਾਂ ਚੂਲ਼ੀ ਭਰ ਪਾਣੀ ਹੀ ਕਾਫ਼ੀ,
ਬੇਸ਼ੱਕ ‘ਜ਼ਖ਼ਮੀ’ ਸੱਤ ਸਮੁੰਦਰ ਤਰ ਜਾਂਦਾ ਹਾਂ।

ਰਿਸ਼ਤੇ ਨਾਤੇ ਤਾਂ ਹੀ ਤਿੜਕਣ ਲੱਗੇ ਨੇ।
ਬੁੱਕਲ਼ ਦੇ ਸੱਪ ਜੇਕਰ ਡੰਗਣ ਲੱਗੇ ਨੇ।

ਫੇਰ ਤਦੇ ਨਾ ਕੋਈ ਰਾਂਝਾ ਬਣ ਸਕਿਆ,
ਦਿਲ ਵਾਲ਼ੇ ਵੀ ਜਦ ਤੋਂ ਪਰਖਣ ਲੱਗੇ ਨੇ।

ਯੁੱਗ ਨਵੇਂ ਵਿੱਚ ਦੇਖੋ ਚੋਜ ਪਾਖੰਡੀ ਦੇ,
ਰਾਸ਼ੀਫ਼ਲ ਕੰਪਿਊਟਰ ਦੱਸਣ ਲੱਗੇ ਨੇ।

ਖ਼ੂਬ ਢੰਡੋਰਾ ਪਿੱਟਣ ਕਿ ਰੱਬ ਇੱਕੋ ਹੈ,
ਮਾਨਵਤਾ ਨੂੰ ਫਿਰ ਵੀ ਵੰਡਣ ਲੱਗੇ ਨੇ।

ਲੱਗਦੈ ਤਖ਼ਤਾਂ ਤਾਜਾਂ ਵਾਲੇ ਸੋਚਣਗੇ,
ਚਿਰ ਦੇ ਸੁੱਤੇ ਵੋਟਰ ਜਾਗਣ ਲੱਗੇ ਨੇ।

ਭਾਰੂ ਇੰਝ ਸਿਆਸਤ ਹੈ ਪਰਿਵਾਰਾਂ ’ਤੇ,
ਇੱਕ ਦੂਜੇ ਨੂੰ ਦੁਸ਼ਮਣ ਸਮਝਣ ਲੱਗੇ ਨੇ।

‘ਜ਼ਖ਼ਮੀ’ ਖੇਤਾਂ ਵਿੱਚ ਬਗ਼ਾਵਤ ਹੋਈ ਹੈ,
ਇਨਕਲਾਬ ਦੇ ਨਾਅਰੇ ਗੂੰਜਣ ਲੱਗੇ ਨੇ।



ਬੇਸ਼ੱਕ ਪਰਬਤ ਤੋਂ ਵੀ ਭਾਰਾ ਲੱਗਦਾ ਹੈ।
ਫਿਰ ਵੀ ਜੀਵਨ ਬੜਾ ਪਿਆਰਾ ਲੱਗਦਾ ਹੈ।

ਤਾਰੇ ਦਿਨੇ ਦਿਖਾ ਦਿੰਦਾ ਹੈ ਕਦੇ ਕਦੇ,
ਕਿਸੇ ਸਮੇਂ ਜੋ ਅੱਖ ਦਾ ਤਾਰਾ ਲੱਗਦਾ ਹੈ।

ਹੱਡ ਬੁਢਾਪੇ ਵਿੱਚ ਮਾਪਿਆਂ ਦੇ ਤੋੜੂਗਾ,
ਪੁੱਤ ਬੜਾ ਹੀ ਆਪ ਮੁਹਾਰਾ ਲੱਗਦਾ ਹੈ।

ਬਚਪਨ ਦੇ ਵਿੱਚ ਨਲ਼ੀ ਸੰਭਾਲ਼ੀ ਜਾਵੇ ਨਾ,
ਚੜ੍ਹਿਆ ਜੋਬਨ ਟੂਣੇਹਾਰਾ ਲੱਗਦਾ ਹੈ।

ਮਨ ਬੇਚੈਨ ਜਦੋਂ ਬੰਦੇ ਦਾ ਹੋ ਜਾਵੇ,
ਫੇਰ ਸ਼ਹਿਦ ਵੀ ਉਸ ਨੂੰ ਖਾਰਾ ਲੱਗਦਾ ਹੈ।

ਨਾਢੂ ਖਾਂ ਦਾ ਸਾਲ਼ਾ ਬਣ ਕੇ ਖੜ੍ਹ ਜਾਂਦੈ,
ਜੋ ਬਿਪਤਾ ਦੇ ਵਿੱਚ ਵਿਚਾਰਾ ਲੱਗਦਾ ਹੈ।

ਪਹੁੰਚਣ ਦੀ ਵੀ ਪੱਕੀ ਠਾਣੀ ‘ਜ਼ਖ਼ਮੀ’ ਨੇ,
ਦੇਖਣ ਨੂੰ ਹੀ ਦੂਰ ਕਿਨਾਰਾ ਲੱਗਦਾ ਹੈ।

ਜੀਵਨ ਤਾਂ ਇੱਕ ਗਾਣਾ ਹੁੰਦੈ।
ਚੁੱਪ ਹੋਣਾ ਮਰ ਜਾਣਾ ਹੁੰਦੈ।

ਹੁੰਦਾ ਸਾਧ ਨਹੀਂ ਹਰ ਕੋਈ,
ਬੇਸ਼ੱਕ ਭਗਵਾਂ ਬਾਣਾ ਹੁੰਦੈ।

ਚਤਰਾਂ ਨੂੰ ਵੀ ਕੀਲ ਲਵੇ ਜੋ
ਓਹੀ ਠੱਗ ਪੁਰਾਣਾ ਹੁੰਦੈ।

ਖ਼ੂਬ ਪਛਾਣੇ ਨਬਜ਼ ਸਮੇਂ ਦੀ,
ਬੰਦਾ ਅਸਲ ਸਿਆਣਾ ਹੁੰਦੈ।

ਅਣਖੀ ਸੀਨਾ ਤਾਣ ਖੜੋਵੇ,
ਟਲ਼ ਜਾਵੇ ਸੋ ਕਾਣਾ ਹੁੰਦੈ।

ਬਹੁਤੀ ਮਾਲ਼ਾ ਫੇਰੇ ਤਾਂ ਹੀ,
ਹੱਕ ਪਰਾਇਆ ਖਾਣਾ ਹੁੰਦੈ।

'ਜ਼ਖ਼ਮੀ' ਸਫ਼ਲ ਕਦੇ ਨਾ ਹੋਵੇ,
ਜਿਸ ਨੇ ਮੰਨਿਆ ਭਾਣਾ ਹੁੰਦੈ।



ਹੋਸ਼ ਭੁਲਾ ਕੇ ਭੋਗੀ ਹੋਗੇ।
ਲੋਕ ਤਦੇ ਹੀ ਰੋਗੀ ਹੋਗੇ।

ਹਾਸੇ-ਠੱਠੇ ਪਾਉਣ ਭੁਲੇਖੇ,
ਨੈਣ ਨਸ਼ੀਲੇ ਸੋਗੀ ਹੋਗੇ।

ਪੈਰਾਂ ਹੇਠ ਬਟੇਰਾ ਸਮਝੋ,
ਮੇਲ ਕਹਿਣ ਸੰਜੋਗੀ ਹੋਗੇ।

ਚੱਲਣ ਵੇਲ਼ੇ 'ਕੱਲਾ ਹੀ ਸੀ,
ਫੇਰ ਬੜੇ ਸਹਿਯੋਗੀ ਹੋਗੇ।

ਪਾੜੇ ਢਿੱਡ ਲਗਾ ਕੇ ਟੀਕੇ,
ਨੁਸਖੇ 'ਲੋਪ ਘਰੋਗੀ ਹੋਗੇ।

ਲੱਤਾਂ ਬਾਹਾਂ ਮਾਰਨ ਐਵੇਂ,
ਜਣੇ ਖਣੇ ਹੀ ਯੋਗੀ ਹੋਗੇ।

ਮੰਦੇ ਬੋਲ ਵਿਗਾੜੀ 'ਜ਼ਖ਼ਮੀ',
ਕਹਿੰਦੇ ਯਾਰ ਵਿਯੋਗੀ ਹੋਗੇ।

ਮਿਟਣੋਂ ਅਸੀਂ ਬਚਾਵਾਂਗੇ ਮਾਂ ਬੋਲੀ ਨੂੰ।
ਘਰ ਘਰ ਫੇਰ ਪੁਚਾਵਾਂਗੇ ਮਾਂ ਬੋਲੀ ਨੂੰ।

ਦਾਤ ਅਮੋਲਕ ਬਖ਼ਸ਼ੀ ਗੁਰੂਆਂ ਪੀਰਾਂ ਦੀ,
ਹਰਦਮ ਸੀਸ ਝੁਕਾਵਾਂਗੇ ਮਾਂ ਬੋਲੀ ਨੂੰ।

ਕੰਨਾਂ ਵਿੱਚ ਰਸ ਘੋਲ਼ੇ ਮਿੱਠੀ ਮਿਸਰੀ ਤੋਂ,
ਸਾਹਾਂ ਵਿੱਚ ਸਮਾਵਾਂਗੇ ਮਾਂ ਬੋਲੀ ਨੂੰ।

ਹਿੰਦੀ, ਉਰਦੂ ਤੇ ਅੰਗਰੇਜ਼ੀ ਸਿੱਖਾਂਗੇ,
ਪਰ ਨਾ ਕਦੇ ਭੁਲਾਵਾਂਗੇ ਮਾਂ ਬੋਲੀ ਨੂੰ।

ਪੈਰਾਂ ਵਿੱਚ ਬਥੇਰਾ ਇਸ ਨੂੰ ਰੋਲ਼ ਲਿਆ,
ਸਿਰ ਦਾ ਤਾਜ ਬਣਾਵਾਂਗੇ ਮਾਂ ਬੋਲੀ ਨੂੰ।

ਆਓ ਸਾਰੇ ਰਲ਼ ਕੇ ਸੌਂਹਾਂ ਖਾ ਲਈਏ,
ਹੁਣ ਨਾ ਪਿੱਠ ਦਿਖਾਵਾਂਗੇ ਮਾਂ ਬੋਲੀ ਨੂੰ।

ਹਿੱਕ ਥਾਪੜ ਕੇ ਆਖਾਂਗੇ ਪੰਜਾਬੀ ਹਾਂ,
'ਜ਼ਖ਼ਮੀ' ਹੱਕ ਦਿਵਾਵਾਂਗੇ ਮਾਂ ਬੋਲੀ ਨੂੰ।



ਕੀ ਕੀ ਕਰਦੇ ਕਾਰੇ ਨੇਤਾ, ਕੁਰਸੀ ਖ਼ਾਤਰ।
ਫਿਰਦੇ ਮਾਰੇ ਮਾਰੇ ਨੇਤਾ, ਕੁਰਸੀ ਖ਼ਾਤਰ।

ਲੋੜ ਪਵੇ ਤਾਂ ਖ਼ੂਨ ਖਰਾਬੇ ਵੀ ਕਰਵਾਉਂਦੇ,
ਦਿਨੇ ਦਿਖਾਉਂਦੇ ਤਾਰੇ ਨੇਤਾ, ਕੁਰਸੀ ਖ਼ਾਤਰ।

ਵੱਡੇ ਵੱਡੇ ਕਾਂਡ ਘੁਟਾਲੇ ਕਰਦੇ ਰਹਿੰਦੇ,
ਬਣਦੇ ਬੜੇ ਵਿਚਾਰੇ ਨੇਤਾ, ਕੁਰਸੀ ਖ਼ਾਤਰ।

ਪੰਜ ਵਰ੍ਹੇ ਨਾ ਮੁੱਛ ਜਿਨ੍ਹਾਂ ਨੇ ਕੀਤੀ ਨੀਵੀਂ,
ਚੋਣਾਂ ਦੇ ਵਿੱਚ ਹਾਰੇ ਨੇਤਾ, ਕੁਰਸੀ ਖ਼ਾਤਰ।

ਜਾਤਾਂ, ਗੋਤਾਂ, ਧਰਮਾਂ ਦੇ ਪ੍ਰਪੰਚ ਬਣਾ ਕੇ,
ਕਰਦੇ ਵਾਰੇ ਨਿਆਰੇ ਨੇਤਾ, ਕੁਰਸੀ ਖ਼ਾਤਰ।

ਕਿਰਤੀ ਤੇ ਕਿਰਸਾਨਾਂ ਦੀ ਨਾ ਚਿੰਤਾ ਭੋਰਾ,
ਚੱਲਣ ਆਪ ਮੁਹਾਰੇ ਨੇਤਾ, ਕੁਰਸੀ ਖ਼ਾਤਰ।

'ਜ਼ਖ਼ਮੀ' ਕੀਹਦੇ ਉੱਤੇ ਕਰੇ ਭਰੋਸਾ ਬੰਦਾ,
ਰੰਗ ਬਦਲਦੇ ਸਾਰੇ ਨੇਤਾ, ਕੁਰਸੀ ਖ਼ਾਤਰ।

## ਭੁਪਿੰਦਰ ਸਿੰਘ ਬੋਪਾਰਾਏ

ਮਿੱਠਬੋਲਾ ਇਨਸਾਨ ਭੁਪਿੰਦਰ ਬੋਪਾਰਾਏ।
ਸੋਹਣਾ, ਸੁਘੜ, ਸੁਜਾਨ ਭੁਪਿੰਦਰ ਬੋਪਾਰਾਏ।

ਗੀਤ, ਕਹਾਣੀ, ਲੇਖ ਲਿਖੇ ਤਾਂ ਕਰੇ ਕਮਾਲਾਂ,
ਗ਼ਜ਼ਲਾਂ ਦਾ ਲੁਕਮਾਨ ਭੁਪਿੰਦਰ ਬੋਪਾਰਾਏ।

ਕਹਿਣੀ ਤੇ ਕਰਨੀ ਵਿੱਚ ਪੂਰਾ ਸਿੰਘ ਗੁਰੂ ਦਾ,
ਗੋਸ਼ਟੀਆਂ ਦੀ ਸ਼ਾਨ ਭੁਪਿੰਦਰ ਬੋਪਾਰਾਏ।

ਬੋਲੇ ਸੱਚ ਨਿਰੋਲ ਨਹੀਂ ਗੱਲ ਕਰਦਾ ਝੂਠੀ,
ਖੋਲ੍ਹੇ ਜਦੋਂ ਜ਼ੁਬਾਨ ਭੁਪਿੰਦਰ ਬੋਪਾਰਾਏ।

ਜਾਗ ਰਿਹਾ ਹੈ ਆਪ, ਜਗਾਵੇ ਲੋਕਾਂ ਤਾਈਂ,
ਹੱਕਾਂ ਦਾ ਨਿਗਰਾਨ ਭੁਪਿੰਦਰ ਬੋਪਾਰਾਏ।

'ਕਿਰਤ ਕਰੋ ਤੇ ਵੰਡ ਛਕੋ' ਦੀ ਭਰਦੈ ਹਾਮੀ,
ਚਾਹੁੰਦਾ ਸੁਖੀ ਜਹਾਨ ਭੁਪਿੰਦਰ ਬੋਪਾਰਾਏ।

ਯਾਰਾਂ ਦਾ ਹੈ ਯਾਰ ਮੁਸੀਬਤ ਵਿੱਚ ਸਹਾਰਾ,
'ਜ਼ਖ਼ਮੀ' ਦੀ ਜਿੰਦ-ਜਾਨ ਭੁਪਿੰਦਰ ਬੋਪਾਰਾਏ।





## ਰਜਿੰਦਰ ਸਿੰਘ ਰਾਜਨ

ਹਿੰਮਤੀ ਹੈ, ਮਿਹਨਤੀ ਹੈ, ਨੇਕ ਦਿਲ ਇਨਸਾਨ ਰਾਜਨ।
ਇਨਕਲਾਬੀ ਰਾਹ ਦਸੇਰਾ, ਮਹਿਫ਼ਲਾਂ ਦੀ ਸ਼ਾਨ ਰਾਜਨ।

ਗੱਲ ਕਰਦੈ ਕਿਰਤੀਆਂ ਦੀ, ਜਾਣਦੈ ਰੁਲ਼ਦੀ ਕਿਸਾਨੀ,
ਹਾਰਿਆਂ ਤੇ ਹੰਭਿਆਂ ਵਿੱਚ, ਪਾ ਰਿਹੈ ਜਿੰਦ-ਜਾਨ ਰਾਜਨ।

ਨਾ ਕਿਸੇ ਦੀ ਲੁੱਟ ਹੋਵੇ, ਢਿੱਡ ਭਰ ਕੇ ਸੌਣ ਸਾਰੇ,
ਵੰਡ ਕਾਣੀ ਹਾਕਮਾਂ ਦੀ, ਨਾ ਕਰੇ ਪਰਵਾਨ ਰਾਜਨ।

ਭੰਡਦੈ ਡਟ ਕੇ ਸਦਾ, ਜੋ ਮਾਰਦੇ ਕੁੱਖਾਂ 'ਚ ਧੀਆਂ,
ਜੱਗ ਦੇ ਵਿੱਚ ਔਰਤਾਂ ਦਾ, ਲੋਚਦੈ ਸਨਮਾਨ ਰਾਜਨ।

ਬੋਲਦਾ ਹੈ ਘੱਟ ਬੇਸ਼ੱਕ, ਹੈ ਸਮੁੰਦਰ ਵਾਂਗ ਗਹਿਰਾ,
ਹੱਕ ਤੇ ਇਨਸਾਫ਼ ਖ਼ਾਤਰ, ਹਰ ਸਮੇਂ ਕੁਰਬਾਨ ਰਾਜਨ।

ਪੜ੍ਹਨ ਦਾ ਤੇ ਲਿਖਣ ਦਾ ਹੀ ਹੈ ਨਸ਼ਾ ਨਾ ਹੋਰ ਕੋਈ,
ਯੋਧਿਆਂ ਦੇ ਸੁਪਨਿਆਂ ਦਾ, ਜਾਗਦਾ ਨਿਗਰਾਨ ਰਾਜਨ।

ਹੈਂਕੜਾਂ ਨੂੰ ਨੱਥ ਪਾਉਣਾ, ਬਣ ਗਿਆ ਨਿਤਨੇਮ 'ਜ਼ਖ਼ਮੀ',
ਕਲਮ ਨੂੰ ਰੱਖਦੈ ਬਣਾ ਕੇ, ਜੂਝਦੀ ਕਿਰਪਾਨ ਰਾਜਨ।

## ਜਗਜੀਤ ਸਿੰਘ ਲੱਡਾ

ਕਵੀਆਂ 'ਚੋਂ ਕਵੀ ਬੇਮਿਸਾਲ ਜਗਜੀਤ ਲੱਡਾ।
ਸੱਚੀਂ-ਮੁੱਚੀਂ ਕਰਦੈ ਕਮਾਲ ਜਗਜੀਤ ਲੱਡਾ।

ਤੋਤਲ਼ੀ ਜ਼ੁਬਾਨ ਵਿੱਚ ਬਾਲ-ਕਾਵਿ ਲਿਖੇ ਜਦੋਂ,
ਬਾਲਾਂ ਨਾਲ ਬਣ ਜਾਂਦੈ ਬਾਲ ਜਗਜੀਤ ਲੱਡਾ।

ਕੀ, ਕਿਉਂ ਤੇ ਕਿਵੇਂ ਹੋਵੇ, ਕੁੱਝ ਵੀ ਜਹਾਨ ਵਿੱਚ,
ਖੋਲ੍ਹ ਕੇ ਸੁਣਾਵੇ ਸਾਰਾ ਹਾਲ ਜਗਜੀਤ ਲੱਡਾ।

ਸ਼ਬਦ-ਭੰਡਾਰ ਭਰਪੂਰ ਬੜਾ ਇਹਦੇ ਕੋਲੇ,
ਵਿਸ਼ਿਆਂ ਦੇ ਨਾਲ ਮਾਲਾਮਾਲ ਜਗਜੀਤ ਲੱਡਾ।

ਤੋਲ ਤੇ ਤੁਕਾਂਤ ਪੱਖੋਂ, ਛੱਡਦਾ ਨਾ ਕੱਚ ਕੋਈ,
ਨਾਲ਼ੇ ਸੋਹਣਾ ਗੁੰਦਦੈ ਖ਼ਿਆਲ ਜਗਜੀਤ ਲੱਡਾ।

ਦੇਸ਼ ਦੇ ਭਵਿੱਖ ਨੂੰ ਸੰਵਾਰਦਾ ਨਿਖਾਰਦਾ ਹੈ,
ਸਮੇਂ ਦੀ ਪਛਾਣਦਾ ਹੈ ਚਾਲ ਜਗਜੀਤ ਲੱਡਾ।

ਹਾਜ਼ਰ ਹਮੇਸ਼ਾ ਅਖ਼ਬਾਰਾਂ 'ਚ ਦਿਖਾਈ ਦਿੰਦੈ,
ਕਰ ਦਿੰਦੈ 'ਜ਼ਖ਼ਮੀ' ਨਿਹਾਲ ਜਗਜੀਤ ਲੱਡਾ।





## ਤੇਜਾ ਸਿੰਘ ਵੜੈਚ

ਸੱਚ ਸਤਿਕਾਰਿਐ ਵੜੈਚ ਤੇਜਾ ਸਿੰਘ ਨੇ।
ਤਾਜਾਂ ਨੂੰ ਵੰਗਾਰਿਐ ਵੜੈਚ ਤੇਜਾ ਸਿੰਘ ਨੇ।

ਏਕਤਾ, ਸਮਾਨਤਾ ਤੇ ਸਾਂਝ ਭਾਈਚਾਰੇ ਦੀ,
ਏਹੋ ਪਰਚਾਰਿਐ ਵੜੈਚ ਤੇਜਾ ਸਿੰਘ ਨੇ।

ਲੁੱਟੇ-ਪੁੱਟੇ ਕਾਮਿਆਂ ਦੀ ਦੁਰਦਸ਼ਾ ਦੇਖ ਕੇ,
ਹਾਅ ਦਾ ਨਾਅਰਾ ਮਾਰਿਐ ਵੜੈਚ ਤੇਜਾ ਸਿੰਘ ਨੇ।

ਲੋਕ-ਹਿਤਾਂ ਵਾਸਤੇ ਹਮੇਸ਼ਾ ਰਹੇ ਜੂਝਦਾ,
ਤਨ ਮਨ ਵਾਰਿਐ ਵੜੈਚ ਤੇਜਾ ਸਿੰਘ ਨੇ।

ਮੂੰਹ ਅੱਡੀਂ ਖੜ੍ਹੇ ਨੇ ਸਵਾਲ ਜੋ ਸਮਾਜ ਦੇ,
ਪੜ੍ਹਿਐ ਵਿਚਾਰਿਐ ਵੜੈਚ ਤੇਜਾ ਸਿੰਘ ਨੇ।

ਹਿਰਦਾ ਅਡੋਲ ਤੇ ਬੁਲੰਦ ਬੜੇ ਹੌਸਲੇ,
ਪੱਕਾ ਨਿਹਚਾ ਧਾਰਿਐ ਵੜੈਚ ਤੇਜਾ ਸਿੰਘ ਨੇ।

ਸ਼ਬਦਾਂ ਦੀ ਜਾਦੂਗਰੀ 'ਜ਼ਖ਼ਮੀ' ਕਮਾਲ ਹੈ,
ਕਾਵਿ ਨੂੰ ਸ਼ਿੰਗਾਰਿਐ ਵੜੈਚ ਤੇਜਾ ਸਿੰਘ ਨੇ।

ਫ਼ਰਜ਼ਾਂ ਦਾ ਨਿਗਰਾਨ, ਬਣੇ ਹੱਕਦਾਰ ਜ਼ਰੂਰੀ ਐ।
ਸਚਿਆਰੇ ਅਧਿਆਪਕ ਦਾ ਸਤਿਕਾਰ ਜ਼ਰੂਰੀ ਐ।

ਤੀਜੀ ਅੱਖ ਜ਼ਮਾਨੇ ਨੂੰ ਬਖ਼ਸ਼ੀ ਅਧਿਆਪਕ ਨੇ,
ਜੀਵਨ ਦੇ ਸੰਗਰਾਮ 'ਚ ਜੋ ਹਥਿਆਰ ਜ਼ਰੂਰੀ ਐ।

ਮਨ ਚਿੱਤ ਲਾ ਕੇ ਮਿਹਨਤ ਨਾਲ ਪੜ੍ਹਾਵੇ ਬੱਚਿਆਂ ਨੂੰ,
ਹੋਣਾ ਇਉਂ ਅਧਿਆਪਕ ਦਾ ਕਿਰਦਾਰ ਜ਼ਰੂਰੀ ਐ।

ਅੰਮ੍ਰਿਤ ਵਰਖਾ ਹੋਵੇ, ਚਾਹੁੰਦੈ ਜੋ, ਅਧਿਆਪਕ ਦੀ,
ਪਹਿਲਾਂ ਉਸ ਦਾ ਹੋਣਾ ਆਗਿਆਕਾਰ ਜ਼ਰੂਰੀ ਐ।

ਟਿਊਸ਼ਨ ਵਾਲੀ ਦਲਦਲ ਤੋਂ ਅਧਿਆਪਕ ਦੂਰ ਰਹੇ,
ਬੇਸ਼ੱਕ ਸਭਨਾਂ ਖ਼ਾਤਰ ਹੀ ਪਰਿਵਾਰ ਜ਼ਰੂਰੀ ਐ।

ਸਭ ਤੋਂ ਵੱਡਾ ਰੁਤਬਾ ਦੁਨੀਆਂ 'ਤੇ ਅਧਿਆਪਕ ਦਾ,
ਮਾਨਵਤਾ 'ਤੇ ਇਸ ਦਾ ਪਰਉਪਕਾਰ ਜ਼ਰੂਰੀ ਐ।

ਉਲਟੇ ਕੰਮੀਂ ਲਾ ਕੇ ਰੱਖਦੀ ਜੋ ਅਧਿਆਪਕ ਨੂੰ,
'ਜ਼ਖ਼ਮੀ' ਤਖ਼ਤੋਂ ਲਾਹੁਣੀ ਉਹ ਸਰਕਾਰ ਜ਼ਰੂਰੀ ਐ।



ਆਪਣੇ ਪੈਰਾਂ 'ਤੇ ਹੈ ਭਾਵੇਂ, ਦਿਸਦੀ ਅੱਜ ਮੁਥਾਜ ਨਹੀਂ।
ਔਰਤ ਦੀ ਆਜ਼ਾਦੀ ਫਿਰ ਵੀ ਚਾਹੁੰਦਾ ਮਰਦ ਸਮਾਜ ਨਹੀਂ।

ਗਿੱਠ ਕੁ ਧਾਗਾ ਬੰਨ੍ਹਿਆ ਜਿਸ ਨੇ, ਕੇਵਲ ਉਸ ਨੂੰ ਭੈਣ ਕਹੇ,
ਹੋਰਾਂ ਖ਼ਾਤਰ ਖ਼ਤਰਾ ਬਣਨੋਂ ਬੰਦਾ ਆਇਆ ਬਾਜ ਨਹੀਂ।

ਰਾਜੇ, ਰਹਿਬਰ ਤੇ ਵਿਗਿਆਨਕ, ਜੰਮੇ-ਪਾਲ਼ੇ ਔਰਤ ਨੇ,
ਇਸ ਦੇ ਹੱਕਾਂ ਖ਼ਾਤਰ ਫਿਰ ਵੀ, ਗੂੰਜ਼ ਰਹੀ ਆਵਾਜ਼ ਨਹੀਂ।

ਮੰਨ ਕੇ ਮਰਦਾਂ ਨੂੰ ਰਖਵਾਲੇ, ਖ਼ੈਰ ਹਮੇਸ਼ਾ ਮੰਗਦੀ ਜੋ,
ਕੁੱਖ 'ਚ ਕਤਲ ਕਰਾਉਂਦੇ ਉਸ ਨੂੰ, ਆਉਂਦੀ ਭੋਰਾ ਲਾਜ਼ ਨਹੀਂ।

ਪਤਨੀ ਨਾਲ ਪਤੀ ਵੀ ਰੱਖਦੇ ਵਰਤ ਨਹੀਂ ਕਿਉਂ ਕਰਵੇ ਦਾ,
ਜਦ ਕਿ ਇੱਕ ਦੂਜੇ ਦੇ ਬਾਝੋਂ ਰਹਿੰਦਾ ਸਿਰ 'ਤੇ ਤਾਜ ਨਹੀਂ।

ਹੱਸ ਕੇ ਵੰਡੋ ਲੋਹੜੀ ਹੁਣ ਤਾਂ ਪੁੱਤਾਂ ਵਾਗੂੰ ਧੀਆਂ ਦੀ,
ਹਰ ਖੇਤਰ ਵਿੱਚ ਮੋਹਰੀ ਬਣੀਆਂ, ਕਿਉਂ ਇਹਨਾਂ 'ਤੇ ਨਾਜ਼ ਨਹੀਂ।

ਅਬਲਾ ਜਾਂ ਲਾਚਾਰ ਬਣਾ ਕੇ ਰੱਖਣ ਜਿਹੜੇ ਔਰਤ ਨੂੰ,
'ਜ਼ਖ਼ਮੀ' ਨੂੰ ਮਨਜ਼ੂਰ ਕਦੇ ਵੀ ਐਸੇ ਰਸਮ ਰਿਵਾਜ ਨਹੀਂ।

ਹਰ ਥਾਂ ਹੋਈ ਬੇਕਦਰੀ ਬਰਬਾਦੀ ਹੈ।
ਫਿਰ ਵੀ ਆਖੀਂ ਜਾਂਦੇ ਹਾਂ ਆਜ਼ਾਦੀ ਹੈ।

ਹੱਲ ਅਜੇ ਨਾ ਹੋਇਆ ਮਸਲਾ ਰੋਟੀ ਦਾ,
ਹਰ ਬੰਦੇ ਦਾ ਹੱਕ ਇਹੋ ਬੁਨਿਆਦੀ ਹੈ।

ਧੱਕੇਸ਼ਾਹੀ ਦਾ ਜੋ ਸ਼ਖ਼ਸ ਵਿਰੋਧ ਕਰੇ,
ਹਾਕਮ ਝੱਟ ਬਣਾ ਦਿੰਦਾ ਅੱਤਵਾਦੀ ਹੈ।

ਟੀ. ਵੀ. ਗੱਲਾਂ ਛੇੜੇ ਨਾ ਵਿਗਿਆਨ ਦੀਆਂ,
ਹਰਦਮ ਵਹਿਮਾਂ-ਭਰਮਾਂ ਦੀ ਮੁਨਿਆਦੀ ਹੈ।

ਲਾਠੀਚਾਰਜ ਨਾਲ ਸਵਾਗਤ ਹੋਵੇ ਕਿਉਂ,
ਦਿਲ ਦੇ ਦੁੱਖ ਸੁਣਾਉਂਦਾ ਜੇ ਫ਼ਰਿਆਦੀ ਹੈ।

ਪੋਤੀ ਵਰਗੀ ਕੁੜੀ ਵਿਆਹ ਕੇ ਲੈਜੂਗਾ,
ਬੁੜਾ ਵਿਦੇਸ਼ੋਂ ਆਇਆ, ਕਹਿੰਦੇ ਸ਼ਾਦੀ ਹੈ।

'ਜ਼ਖ਼ਮੀ' ਕੌਣ ਝੰਜੋੜੂ ਹੁਣ ਸਰਕਾਰਾਂ ਨੂੰ,
ਬੱਚਾ ਬੱਚਾ ਤਾਂ ਨਸ਼ਿਆਂ ਦਾ ਆਦੀ ਹੈ।



ਕਿਰਤੀ ਤੇ ਕਿਰਸਾਨਾਂ ਦੇ ਸਿਰ ਤਾਜ ਬਣਾਂਗਾ।
ਗੂੰਗੇ ਕੀਤੇ ਲੋਕਾਂ ਦੀ ਆਵਾਜ਼ ਬਣਾਂਗਾ।

ਖੰਭ ਨੋਚ ਕੇ ਜਿਸ ਨੂੰ ਹੈ ਲਾਚਾਰ ਬਣਾਇਆ,
ਉੱਡਣਾ ਚਾਹੁੰਦੇ ਪੰਛੀ ਦੀ ਪਰਵਾਜ਼ ਬਣਾਂਗਾ।

ਗੂੰਜਣ ਮਹਿਫ਼ਲ ਵਿੱਚ ਫੇਰ ਗ਼ਜ਼ਲਾਂ, ਕਵਿਤਾਵਾਂ,
ਮਰਿਆਂ ਵਿੱਚ ਰੂਹ ਫੂਕਣ ਵਾਲਾ ਸਾਜ਼ ਬਣਾਂਗਾ।

ਸ਼ਰੇਆਮ ਹੈਵਾਨਾਂ ਨੇ ਜੋ ਬੇਪਤ ਕੀਤੀ,
ਲੁੱਟੀ ਪੁੱਟੀ ਜੱਗ-ਜਣਨੀ ਦੀ ਲਾਜ਼ ਬਣਾਂਗਾ।

ਦੇਸ਼ ਕੌਮ ਦੀ ਖ਼ਾਤਰ ਜਿੰਦਾਂ ਵਾਰ ਗਏ ਜੋ,
ਉਨ੍ਹਾਂ ਜੁਝਾਰੂ ਸੂਰਮਿਆਂ ਦਾ ਨਾਜ਼ ਬਣਾਂਗਾ।

ਥੱਕਿਆਂ, ਹੰਭਿਆਂ, ਡਿੱਗਿਆਂ ਨੇ ਫਿਰ ਉੱਠ ਖੜੋਣਾ,
ਜੋਸ਼, ਦਲੇਰੀ, ਹੌਸਲਿਆਂ ਦਾ ਰਾਜ਼ ਬਣਾਂਗਾ।

ਇਨਕਲਾਬ ਦੀ ਜੰਗ ਜਦੋਂ ਵੀ ਛਿੜਨੀ 'ਜ਼ਖ਼ਮੀ',
ਉੱਚਾ ਪਰਚਮ ਕਰ ਕੇ ਮੈਂ ਆਗਾਜ਼ ਬਣਾਂਗਾ।

ਐਦਾਂ ਨਾ ਤੜਫ਼ਾਇਆ ਕਰ।
ਮਿਲਣ ਕਦੇ ਤਾਂ ਆਇਆ ਕਰ।

ਆਪਣੇ ਦੁੱਖ ਸੁਣਾ ਕੇ ਤੂੰ,
ਮੇਰੇ ਵੀ ਸੁਣ ਜਾਇਆ ਕਰ।

ਕਰ ਬੈਠਾ ਹਾਂ ਗ਼ਲਤੀ ਕੀ,
ਕੁੱਝ ਤਾਂ ਪੱਲੇ ਪਾਇਆ ਕਰ।

ਠਰ ਜਾਂਦਾ ਹੈ ਤਪਦਾ ਦਿਲ,
ਸੀਨੇ ਨਾਲ ਲਗਾਇਆ ਕਰ।

ਪਾ ਕੇ ਤਿਉੜੀ ਮੱਥੇ ’ਤੇ,
ਇਉਂ ਨਾ ਜੱਗ ਹਸਾਇਆ ਕਰ।

ਜੇਕਰ ਨਹੀਂ ਵਿਰਾਉਣਾ ਤੂੰ,
ਫਿਰ ਨਾ ਯਾਰ ਰੁਆਇਆ ਕਰ।

ਕੋਲ਼ੇ ਬਹਿ ਕੇ ‘ਜ਼ਖ਼ਮੀ’ ਦੇ,
ਜ਼ਖ਼ਮਾਂ ਨੂੰ ਸਹਿਲਾਇਆ ਕਰ।



ਸੱਜਣਾ ਸਾਥ ਨਹੀਂ ਜੇ ਤੇਰਾ।
ਨਰਕੋਂ ਭੈੜਾ ਜੀਵਨ ਮੇਰਾ।

ਤੇਰੇ ਨਾਲ ਦਿਵਾਲ਼ੀ ਦੁਨੀਆਂ,
ਤੇਰੇ ਬਾਝੋਂ ਘੁੱਪ ਹਨੇਰਾ।

ਕੀਹਨੂੰ ਸੀਨਾ ਪਾੜ ਦਿਖਾਵਾਂ,
ਵੈਰੀ ਹੋਇਆ ਚਾਰ ਚੁਫੇਰਾ।

ਖੰਭ ਲਗਾ ਕੇ ਉੱਡੀ ਨੀਂਦਰ,
ਹਿਰਦੇ ਵਿੱਚ ਗ਼ਮਾਂ ਦਾ ਡੇਰਾ।

ਵਿਹਲ ਨਹੀਂ ਉਂਝ ਤੈਨੂੰ ਭਾਵੇਂ,
ਸੁਪਨੇ ਵਿੱਚ ਪਰ ਨਿੱਤ ਦਾ ਫੇਰਾ।

ਯਾਰ ਪਿਆਰੇ ਭੱਜਗੇ ਸਾਰੇ,
ਗਰਜਾਂ ਨੂੰ ਸੀ ਪਾਇਆ ਘੇਰਾ।

‘ਜ਼ਖ਼ਮੀ’ ਹੋਣੇ ਮੇਲ ਕਦੇ ਤਾਂ,
ਪਰਬਤ ਵਰਗਾ ਕੀਤੈ ਜੇਰਾ।

ਹੱਥੀਂ ਹੁਣ ਤਕਦੀਰ ਲਿਖਾਂਗੇ।
ਕਲਮ ਬਣਾ ਕੇ ਤੀਰ ਲਿਖਾਂਗੇ।

ਡਰ ਜਾਂ ਲੋਭ ਲਿਖਾ ਨਾ ਸਕਣੇ,
ਦਿਸਦੀ ਜੋ ਤਸਵੀਰ ਲਿਖਾਂਗੇ।

ਕਹਿਣੀ ਕਰਨੀ ਇੱਕ ਨਹੀਂ ਜੇ,
ਉਸ ਨੂੰ ਲੋਟੂ ਪੀਰ ਲਿਖਾਂਗੇ।

ਰਿਸ਼ਤਾ ਰੂਹਾਂ ਦਾ ਨਾ ਬਣਿਆ,
ਕਿੱਦਾਂ ਸੋਹਣੀ ਹੀਰ ਲਿਖਾਂਗੇ।

ਘਪਲੇਬਾਜ, ਫਰੇਬੀ, ਕਾਤਲ,
ਬੇਈਮਾਨ ਵਜ਼ੀਰ ਲਿਖਾਂਗੇ।

ਤਾਨਾਸ਼ਾਹੀ ਨੂੰ ਨੱਥ ਪਾਉਂਦੇ,
ਅਣਖੀ, ਯੋਧੇ, ਬੀਰ ਲਿਖਾਂਗੇ।

'ਜ਼ਖ਼ਮੀ' ਚੜ੍ਹਦੀ ਕਲਾ ਜ਼ਰੂਰੀ,
ਹੋ ਕੇ ਨਾ ਦਿਲਗੀਰ ਲਿਖਾਂਗੇ।



ਠੱਗੀ-ਠੋਰੀ , ਚੋਰ-ਬਜ਼ਾਰੀ।
ਖ਼ੂਬ ਬਣੀ ਹੈ ਦੁਨੀਆਂਦਾਰੀ।

ਮਹਿਲਾਂ ਵਰਗੇ ਬਣਗੇ ਡੇਰੇ,
ਜਦ ਤੋਂ ਹੋਗੇ ਸਾਧ ਵਪਾਰੀ।

ਹਰ ਥਾਂ ਮੋਹਰੀ ਜਾਪੇ ਭਾਵੇਂ,
ਪਰ ਲਾਚਾਰ ਬੜੀ ਹੈ ਨਾਰੀ।

ਝੁਰਦੇ ਰਹਿੰਦੇ ਖੜ੍ਹੇ ਕਿਨਾਰੇ,
ਦਿਲ ਵਾਲੇ ਹੀ ਲਾਉਂਦੇ ਤਾਰੀ।

ਪਿੰਜਰਿਆਂ ਵਿੱਚ ਸੋਚਣ ਪੰਛੀ,
ਲਾਈਏ ਅਰਸ਼ਾਂ ਵਿੱਚ ਉਡਾਰੀ।

ਹਾਕਮ ਜਿਸ ਨੂੰ ਕਹੇ ਤਰੱਕੀ,
ਚਾਰ ਚੁਫੇਰੇ ਭੁੱਖ ਬਿਮਾਰੀ।

ਸਭ ਤੋਂ ਭੈੜਾ ਲੱਗਾਂ 'ਜ਼ਖ਼ਮੀ',
ਅੰਤਰਝਾਤ ਜਦੋਂ ਵੀ ਮਾਰੀ।

ਅੱਲੇ ਜ਼ਖ਼ਮ ਉਨ੍ਹਾਂ ਹੀ ਸਦਾ ਉਚੇੜੇ ਨੇ।
ਹੁੰਦੇ ਜਿਹੜੇ ਸਾਹ-ਰਗ ਤੋਂ ਵੀ ਨੇੜੇ ਨੇ।

ਸੁਪਨੇ ਵਿੱਚ ਵੀ ਭੁੰਜੇ ਜਾਣ ਉਤਾਰੇ ਨਾ,
ਹਰ ਵੇਲੇ ਗ਼ਮ ਰਹਿੰਦੇ ਚੜ੍ਹੇ ਕਨ੍ਹੇੜੇ ਨੇ।

ਅਕਲ ਟਿਕਾਣੇ ਆਵੇ ਓਦੋਂ ਬੰਦੇ ਦੀ,
ਬੁਰੇ ਵਕਤ ਦੇ ਪੈਂਦੇ ਜਦੋਂ ਲਫੇੜੇ ਨੇ।

ਫੇਰ ਉਨ੍ਹਾਂ ਨੂੰ ਵੈਰੀ ਦੀ ਵੀ ਲੋੜ ਨਹੀਂ,
ਗਰਜਾਂ ਵੱਸ ਜਿਨ੍ਹਾਂ ਨੇ ਯਾਰ ਸਹੇੜੇ ਨੇ।

ਫ਼ਿਕਰ ਤਦੇ ਹੀ ਹੁੰਦਾ ਹੈ ਤੂਫ਼ਾਨਾਂ ਦਾ,
ਹਿੰਮਤ ਨੇ ਜਦ ਹੁੰਦੇ ਪੈਰ ਉਖੇੜੇ ਨੇ।

ਯਾਰੀ ਵਿੱਚ ਲੁਕੋਏ ਨਾ ਇੱਕ ਦੂਜੇ ਤੋਂ,
ਲੜ ਕੇ ਲੋਕਾਂ ਨੇ ਸਭ ਪਾਜ ਉਧੇੜੇ ਨੇ।

ਹਉਮੈ ਦੀ ਦੀਵਾਰ ਉਸਾਰੀਂ ਬੈਠੇ ਹਾਂ,
'ਜ਼ਖ਼ਮੀ' ਤਾਂ ਹੀ ਉਲਝੇ ਝਗੜੇ-ਝੇੜੇ ਨੇ।



ਮੰਜ਼ਿਲ ਦਾ ਸਿਰਨਾਵਾਂ ਅਸੀਂ ਭੁਲਾ ਬੈਠੇ।
ਆਪਣਾ ਹੀ ਪਰਛਾਵਾਂ ਅਸੀਂ ਭੁਲਾ ਬੈਠੇ।

ਘਰ 'ਚੋਂ ਰੁੱਖ ਪੁਟਾ ਕੇ ਏ. ਸੀ. ਲਾਏ ਨੇ,
ਠੰਢੀਆਂ ਮਿੱਠੀਆਂ ਛਾਵਾਂ ਅਸੀਂ ਭੁਲਾ ਬੈਠੇ ।

ਮਾਰੀ ਮੱਤ ਅਜੇਹੀ ਸਾਡੀ ਡਾਲਰ ਨੇ,
ਬੁੱਢੇ ਬਾਪੂ ਮਾਵਾਂ ਅਸੀਂ ਭੁਲਾ ਬੈਠੇ।

ਦਿਨ ਭਰ ਮਿਹਨਤ ਕਰ ਕੇ ਅੱਡੀਆਂ ਕੂਚਣੀਆਂ,
ਕੀ ਹੁੰਦਾ ਹੈ ਝਾਵਾਂ ਅਸੀਂ ਭੁਲਾ ਬੈਠੇ।

ਹੁਣ ਤਾਂ ਡੇਅਰੀ ਵਾਲਾ ਦੁੱਧ ਵੀ ਪਚਦਾ ਨਾ,
ਚੁੰਘੀਆਂ ਮੱਝਾਂ ਗਾਵਾਂ ਅਸੀਂ ਭੁਲਾ ਬੈਠੇ।

ਆਉਂਦੇ ਜਾਂਦੇ ਨੂੰ ਸੀ ਮੱਥਾ ਟੇਕੀਂਦਾ,
ਮਿਲੀਆਂ ਮੁਫ਼ਤ ਦੁਆਵਾਂ ਅਸੀਂ ਭੁਲਾ ਬੈਠੇ।

'ਜ਼ਖ਼ਮੀ' ਜਿੱਥੇ ਡੁੱਲ੍ਹਿਆ ਖ਼ੂਨ ਸ਼ਹੀਦਾਂ ਦਾ,
ਪਾਕਿ-ਪਵਿੱਤਰ ਥਾਵਾਂ ਅਸੀਂ ਭੁਲਾ ਬੈਠੇ।

ਰੋਂਦਿਆਂ ਨੂੰ ਗਲ਼ ਲਗਾਉਣਾ ਧਰਮ ਹੈ।
ਦਰਦ ਦੁਖੀਆਂ ਦੇ ਵੰਡਾਉਣਾ ਧਰਮ ਹੈ।

ਧਰਮ ਨਾ ਕਹਿ ਭੇਖ ਨੂੰ, ਪਾਖੰਡ ਨੂੰ,
ਖੋਟ ਨੂੰ ਮਨ 'ਚੋਂ ਮਿਟਾਉਣਾ ਧਰਮ ਹੈ।

ਸਿਰ ਝੁਕਾਉਣਾ, ਮੂੰਹ ਛੁਪਾਉਣਾ ਬੁਜ਼ਦਿਲੀ,
ਜ਼ਾਬਰਾਂ ਨੂੰ ਨੱਥ ਪਾਉਣਾ ਧਰਮ ਹੈ।

ਵਿਹਲੜਾਂ ਦਾ ਕੰਮ ਪੂਜਾ-ਪਾਠ ਤਾਂ,
ਲੋਕਤਾ ਦੇ ਕੰਮ ਆਉਣਾ ਧਰਮ ਹੈ।

ਬਾਪ, ਮਾਂ, ਪਤਨੀ, ਪਤੀ ਚੰਗੇ ਬਣੋ,
ਰਿਸ਼ਤਿਆਂ ਨੂੰ ਹੀ ਨਿਭਾਉਣਾ ਧਰਮ ਹੈ।

ਰੱਬ ਦੇ ਨਾਂ 'ਤੇ ਕਿਸੇ ਨੂੰ ਮਾਰ ਨਾ,
ਜਾਨ ਲੋਕਾਂ ਤੋਂ ਲੁਟਾਉਣਾ ਧਰਮ ਹੈ।

ਜੁਗਨੂੰਆਂ ਤੋਂ ਜਾਚ 'ਜ਼ਖ਼ਮੀ' ਸਿੱਖ ਲੈ,
ਨ੍ਹੇਰ ਦੁਨੀਆਂ ਦਾ ਮਿਟਾਉਣਾ ਧਰਮ ਹੈ।



ਉਲ਼ਝਦੇ ਵੀ ਆਪ ਹਾਂ ਤੇ ਸੁਲ਼ਝਣਾ ਵੀ ਆਪ ਹੈ।
ਹਰ ਬੁਝਾਰਤ ਦਾ ਅਸੀਂ ਹੱਲ ਲੱਭਣਾ ਵੀ ਆਪ ਹੈ।

ਉੱਤਰ ਕੇ ਅਰਸ਼ੋਂ ਕਿਸੇ ਰੱਬ ਨੇ ਕਦੇ ਆਉਣਾ ਨਹੀਂ,
ਡਿੱਗਦੇ ਵੀ ਆਪ ਹਾਂ ਤੇ ਉੱਠਣਾ ਵੀ ਆਪ ਹੈ।

ਗ਼ਮ-ਮੁਸੀਬਤ ਦੇ ਸਮੇਂ 'ਚੋਂ ਵੀ ਚੁਰਾਉਣੀ ਹੈ ਖ਼ੁਸ਼ੀ,
ਡੁਸਕਦੇ ਵੀ ਆਪ ਹਾਂ ਤੇ ਹੱਸਣਾ ਵੀ ਆਪ ਹੈ।

ਅੱਖ ਅਰਜਨ ਵਾਗਰਾਂ ਕੇਵਲ ਨਿਸ਼ਾਨੇ 'ਤੇ ਰਹੇ,
ਭਟਕਦੇ ਵੀ ਆਪ ਹਾਂ ਤੇ ਸੰਭਲ਼ਣਾ ਵੀ ਆਪ ਹੈ।

ਕਦਮ ਚੁੰਮੇ ਮੰਜ਼ਿਲਾਂ ਨੇ ਹੌਂਸਲੇ ਗਰਜੇ ਜਦੋਂ,
ਹਾਰਦੇ ਵੀ ਆਪ ਹਾਂ ਤੇ ਜਿੱਤਣਾ ਵੀ ਆਪ ਹੈ।

ਜ਼ਿੰਦਗੀ ਵਿੱਚ ਤਾਂ ਅਸੰਭਵ ਹੀ ਨਹੀਂ ਕੁੱਝ ਦੇਖਿਆ,
ਸੁਲ਼ਘਦੇ ਵੀ ਆਪ ਹਾਂ ਤੇ ਭਟਕਣਾ ਵੀ ਆਪ ਹੈ।

ਅਮਰ 'ਜ਼ਖ਼ਮੀ' ਹੋ ਗਿਆ ਜੇ ਮਰਨ ਦਾ ਚੱਜ ਆ ਗਿਆ,
ਡੋਲਦੇ ਵੀ ਆਪ ਹੈ ਤੇ ਜੂਝਣਾ ਵੀ ਆਪ ਹੈ।

ਮਸ਼ਾਲਾਂ ਬਾਲ਼ ਕੇ ਚੱਲਦੇ ਰਹਾਂਗੇ।
ਸਵੇਰਾ ਹੋਣ ਤੱਕ ਮਘਦੇ ਰਹਾਂਗੇ।

ਦਿਲਾਂ 'ਚੋਂ ਖ਼ੌਫ਼ ਬਾਜਾਂ ਦਾ ਭੁਲਾ ਕੇ,
ਅਕਾਸ਼ਾਂ ਨੂੰ ਸਦਾ ਚੁੰਮਦੇ ਰਹਾਂਗੇ।

ਅਸੀਂ ਸੌਂਦੇ ਰਹਾਂਗੇ ਘੋੜਿਆਂ 'ਤੇ,
ਕਟਾ ਕੇ ਸੀਸ ਵੀ ਲੜਦੇ ਰਹਾਂਗੇ।

ਗੜ੍ਹੀ ਚਮਕੌਰ ਦੀ ਸਾਨੂੰ ਹਲੂਣੇ,
ਕਿਲੇ ਹੰਕਾਰ ਦੇ ਢਾਹੁੰਦੇ ਰਹਾਂਗੇ।

ਜਦੋਂ ਤੱਕ ਜਾਨ ਦੇ ਵਿੱਚ ਜਾਨ ਸਾਡੇ,
ਉਦੋਂ ਤੱਕ ਜੂਝਦੇ ਅੜਦੇ ਰਹਾਂਗੇ।

ਝਨਾਂ ਵਿੱਚ ਕੱਚਿਆਂ 'ਤੇ ਤੈਰ ਕੇ ਵੀ,
ਕਰੇ ਇਕਰਾਰ 'ਤੇ ਨਿਭਦੇ ਰਹਾਂਗੇ।

ਬਹਾਨੇ ਗ਼ਜ਼ਲ ਦੇ 'ਜ਼ਖ਼ਮੀ' ਹਮੇਸ਼ਾ,
ਸਮੇਂ ਦੀ ਨਬਜ਼ ਨੂੰ ਫੜਦੇ ਰਹਾਂਗੇ।



ਕਿਸੇ 'ਤੇ ਜ਼ੁਲਮ ਜੇ ਹੋਵੇ, ਕਦੇ ਵੀ ਜਰ ਨਹੀਂ ਸਕਦਾ।
ਡਰਾਵਾਂ ਨਾ ਕਿਸੇ ਨੂੰ ਮੈਂ, ਕਿਸੇ ਤੋਂ ਡਰ ਨਹੀਂ ਸਕਦਾ।

ਤਲ਼ੀ 'ਤੇ ਸੀਸ ਧਰਨਾ ਸਿੱਖਿਐ ਜਿਸ ਨੇ ਗੁਰਾਂ ਕੋਲੋਂ,
ਕਿਸੇ ਮਗ਼ਰੂਰ ਦੇ ਕਦਮਾਂ 'ਚ ਸਿਰ ਨੂੰ ਧਰ ਨਹੀਂ ਸਕਦਾ।

ਕਮਾਈ ਹੱਕ ਦੀ ਕਰ ਕੇ, ਛਕੇ ਫਿਰ ਵੰਡ ਕੇ ਜਿਹੜਾ,
ਕਦੇ ਉਹ ਮਾਰ ਕੇ ਠੱਗੀ ਖ਼ਜ਼ਾਨੇ ਭਰ ਨਹੀਂ ਸਕਦਾ।

ਹਮੇਸ਼ਾ ਹੌਸਲਾ ਤੇ ਸਿਰੜ ਨੂੰ ਲੜ ਬੰਨ੍ਹਿਐ ਜਿਸ ਨੇ,
ਲੜਾਈ ਹਾਰ ਵੀ ਜਾਵੇ, ਕਦੇ ਪਰ ਹਰ ਨਹੀਂ ਸਕਦਾ।

ਬਗ਼ਾਵਤ ਦੀ ਚਿੰਗਾੜੀ ਹਿੱਕ ਵਿੱਚ ਜੇ ਸਾਂਭ ਕੇ ਰੱਖੀ,
ਸਦਾ ਬਣਦਾ ਰਿਹੈ ਭਾਂਬੜ ਜਰਾ ਵੀ ਠਰ ਨਹੀਂ ਸਕਦਾ।

ਉਡਾਰੀ ਜ਼ਿੰਦਗੀ ਭਰ ਜੋ ਰਿਹੈ ਆਕਾਸ਼ ਵਿੱਚ ਲਾਉਂਦਾ,
ਗ਼ੁਲਾਮੀ ਪਿੰਜਰੇ ਦੀ ਉਹ ਕਿਵੇਂ ਵੀ ਜਰ ਨਹੀਂ ਸਕਦਾ।

ਸ਼ਹੀਦੀ ਹੱਕ ਤੇ ਸੱਚ ਵਾਸਤੇ ਜੋ ਪਾ ਗਿਆ 'ਜ਼ਖ਼ਮੀ',
ਬਹਾਦਰ ਮਰਨ ਮਗਰੋਂ ਵੀ ਦਿਲਾਂ 'ਚੋਂ ਮਰ ਨਹੀਂ ਸਕਦਾ।

ਜਿੱਤ ਦਾ ਵਿਸ਼ਵਾਸ ਲੈ ਕੇ ਦਿਲ 'ਚ ਨੇ ਜੋ ਠਾਣਦੇ।
ਸਫ਼ਲਤਾ ਦਾ ਵੀ ਮਜ਼ਾ ਇਨਸਾਨ ਓਹੀ ਮਾਣਦੇ।

ਮਾਰਦੈ ਬੇਸ਼ੱਕ ਫੜ੍ਹਾਂ ਸਾਰਾ ਜ਼ਮਾਨਾ ਹੀ ਸਦਾ,
ਪੈਂਦੀਆਂ ਵਿੱਚ ਆਪਣੇ ਹੀ ਸੀਨਿਆਂ ਨੂੰ ਤਾਣਦੇ।

ਬਣ ਸਕੇ ਨੇ ਸੂਰਮੇ ਇਤਿਹਾਸ ਦੇ ਪੰਨੇ ਉਹੀ,
ਵਕਤ ਦੀ ਸੁਰ ਨਾਲ ਨੇ ਜੋ ਮੰਜ਼ਿਲਾਂ ਐਲਾਣਦੇ।

ਜ਼ਿੰਦਗੀ ਦੀ ਦੌੜ ਦੇ ਵਿੱਚ ਟਿਕ ਸਕੇ ਕਮਜ਼ੋਰ ਨਾ,
ਰਸਤਿਆਂ ਦੀ ਖ਼ਾਕ ਨੇ ਰਹਿੰਦੇ ਉਮਰ ਭਰ ਛਾਣਦੇ।

ਨਫ਼ਰਤਾਂ ਦੀ ਅੱਗ ਨੇ ਇਉਂ ਰਿਸ਼ਤਿਆਂ ਨੂੰ ਝੁਲ਼ਸਿਆ,
ਛਤਰ ਪਲਕਾਂ ਦੇ ਕਿਸੇ ਖ਼ਾਤਰ ਨਹੀਂ ਹੁਣ ਤਾਣਦੇ।

ਮੁੱਠੀਆਂ ਵਿੱਚ ਬੰਦ ਨੇ ਤੂਫ਼ਾਨ ਓਹਨਾਂ ਹੀ ਕਰੇ,
ਅਸਲ ਦਾ ਤੇ ਨਕਲ ਦਾ ਜੋ ਫ਼ਰਕ ਨੇ ਪਹਿਚਾਣਦੇ।

ਜੱਗ ਜਿਉਂਦੇ ਨੇ ਹਮੇਸ਼ਾ ਨਾ ਕਦੇ 'ਜ਼ਖ਼ਮੀ' ਮਰੇ,
ਮੌਤ ਨੂੰ ਕਦਮਾਂ 'ਚ ਜਿਹੜੇ ਨੇ ਝੁਕਾਉਣਾ ਜਾਣਦੇ।



ਗ਼ੁਲਾਮੀ ਦਾ ਜਦੋਂ ਇਨਸਾਨ ਨੂੰ ਅਹਿਸਾਸ ਹੋ ਜਾਂਦੈ।
ਉਸੇ ਪਲ ਹੀ ਅਜ਼ਾਦੀ ਦਾ ਮਨਾਂ ਵਿੱਚ ਵਾਸ ਹੋ ਜਾਂਦੈ।

ਕਦੇ ਜੇ ਇੱਕ ਕਦਮ ਉਲਟੀ ਦਿਸ਼ਾ ਵਿੱਚ ਪੁੱਟਿਆ ਜਾਵੇ,
ਤਦੇ ਹੀ ਸਮਝਲੋ ਸਾਰੇ ਸਫ਼ਰ ਦਾ ਨਾਸ ਹੋ ਜਾਂਦੈ।

ਤਮਾਸ਼ਾ ਜਗਤ ਦਾ ਤਾਂ ਦੌਲਤਾਂ ਤੇ ਸ਼ਹੁਰਤਾਂ ਦਾ ਹੈ,
ਕਦੇ ਜੋ ਆਮ ਹੁੰਦਾ ਹੈ, ਉਹੋ ਹੀ ਖ਼ਾਸ ਹੋ ਜਾਂਦੈ।

ਕਿਸੇ ਦਾ ਜਾਨ ਤੋਂ ਪਿਆਰਾ, ਬਣੇ ਜੇ ਜਾਨ ਦਾ ਵੈਰੀ,
ਬੜਾ ਦੁਸ਼ਵਾਰ ਹੈ ਜਿਉਣਾ, ਮਨਾਂ 'ਤੇ ਲਾਸ ਹੋ ਜਾਂਦੈ।

ਸਹਾਇਤਾ ਨਾ ਕਰੀ ਦੇਖੀ ਕਿਸੇ ਵੀ ਰੱਬ ਨੇ ਕਿਧਰੇ,
ਕਿਸੇ ਦੁਖੀਏ ਨੂੰ ਬਸ ਝੂਠਾ ਜਿਹਾ ਧਰਵਾਸ ਹੋ ਜਾਂਦੈ।

ਜਦੋਂ ਨਾਨਕ ਜਿਹਾ ਕੋਈ, ਲਗਾਵੇ ਨਾਲ ਛਾਤੀ ਦੇ,
ਉਦੋਂ ਕੌਡੇ ਜਿਹਾ ਵੀ ਸਿਰ ਝੁਕਾ ਕੇ ਦਾਸ ਹੋ ਜਾਂਦੈ।

ਗਲ਼ਾਵਾਂ ਫੜ ਲਵੇ 'ਜ਼ਖ਼ਮੀ' ਕਿਸੇ ਦਾ ਪੁੱਤ ਹੀ ਜੇਕਰ,
ਉਦੋਂ ਘਰਬਾਰ ਵਸਦਾ ਵੀ, ਜਿਵੇਂ ਬਣਵਾਸ ਹੋ ਜਾਂਦੈ।

ਹੱਸੋ, ਨੱਚੋ, ਗਾਓ, ਮੇਲਾ ਚਾਰ ਦਿਨਾਂ ਦਾ।
ਮਿੱਤਰੋ ਜਸ਼ਨ ਮਨਾਓ, ਮੇਲਾ ਚਾਰ ਦਿਨਾਂ ਦਾ।

ਖੌਰੇ ਕਦ ਮੁੱਕ ਜਾਵੇ ਤੇਰੀ ਜੀਵਨ ਲੀਲ੍ਹਾ,
ਵੈਰ ਵਿਰੋਧ ਮੁਕਾਓ, ਮੇਲਾ ਚਾਰ ਦਿਨਾਂ ਦਾ।

ਹੰਭੇ, ਹਾਰੇ ਡਿੱਗਿਆਂ ਵਿੱਚ ਨਵੀਂ ਰੂਹ ਭਰ ਕੇ,
ਫੜ ਕੇ ਹੱਥ ਉਠਾਓ, ਮੇਲਾ ਚਾਰ ਦਿਨਾਂ ਦਾ ।

ਆਪੇ ਪੈਰ ਕੁਹਾੜਾ, ਕਾਹਤੋਂ ਮਾਰੀਂ ਜਾਵੋਂ,
ਕੁੱਖ 'ਤੇ ਰੁੱਖ ਬਚਾਓ, ਮੇਲਾ ਚਾਰ ਦਿਨਾਂ ਦਾ।

ਦੁੱਖਾਂ-ਸੁੱਖਾਂ ਤੋਂ ਹੀ ਬੰਦਾ ਸਿੱਖਦੈ ਜਿਉਣਾ,
ਦੋਹਾਂ ਨੂੰ ਗਲ਼ ਲਾਓ, ਮੇਲਾ ਚਾਰ ਦਿਨਾਂ ਦਾ।

ਕੱਲ੍ਹ ਦੀ ਚਿੰਤਾ ਵਿੱਚ ਕਿਤੇ ਨਾ ਅੱਜ ਗਵਾਇਓ,
ਪੱਕੀ ਆਦਤ ਪਾਓ, ਮੇਲਾ ਚਾਰ ਦਿਨਾਂ ਦਾ।

ਭਰਮ-ਭੁਲੇਖੇ ਸਾਰੇ ਮਨੋਂ ਮਿਟਾ ਕੇ 'ਜ਼ਖ਼ਮੀ',
ਧਰਤੀ ਸੁਰਗ ਬਣਾਓ, ਮੇਲਾ ਚਾਰ ਦਿਨਾਂ ਦਾ।



ਅੰਮ੍ਰਿਤ ਵੇਲ਼ੇ ਉੱਠ ਨਹਾਉਣਾ ਚੰਗਾ ਹੁੰਦੈ।
ਵੱਡਿਆਂ ਅੱਗੇ ਸੀਸ ਝੁਕਾਉਣਾ ਚੰਗਾ ਹੁੰਦੈ।

ਖ਼ੁਸ਼ੀਆਂ ਵਿੱਚ ਹਮੇਸ਼ਾ ਨੱਚੇ ਗਾਵੇ ਦੁਨੀਆਂ,
ਗ਼ਮੀਆਂ 'ਚੋਂ ਵੀ ਖ਼ੁਸ਼ੀ ਚੁਰਾਉਣਾ ਚੰਗਾ ਹੁੰਦੈ।

ਦੇਖ ਪਰਾਈਆਂ ਮਾਵਾਂ, ਧੀਆਂ, ਭੈਣਾਂ ਜਾਣੇ,
ਇਹੋ ਜਿਹਾ ਕਿਰਦਾਰ ਕਮਾਉਣਾ ਚੰਗਾ ਹੁੰਦੈ।

ਗੁਰੂਆਂ ਪੀਰਾਂ ਨੇ ਵਡਿਆਈ ਕਿਰਤ ਕਮਾਈ,
ਉਸ 'ਚੋਂ ਵੀ ਕੁੱਝ ਵੰਡ ਛਕਾਉਣਾ ਚੰਗਾ ਹੁੰਦੈ।

ਆਕੜ ਦੇ ਵਿੱਚ ਰਿਸ਼ਤੇ ਨਾਤੇ ਟੁੱਟਦੇ ਦੇਖੇ,
ਮਿੱਠਤ ਨੀਵੀਂ ਗੁਣ ਅਪਣਾਉਣਾ ਚੰਗਾ ਹੁੰਦੈ।

ਭੁੱਲ ਕੇ ਵੀ ਨਾ ਕਹੀਏ ਮਾੜਾ ਬੋਲ ਜ਼ੁਬਾਨੋਂ,
ਦੁਸ਼ਮਣ ਨੂੰ ਵੀ ਮੀਤ ਬਣਾਉਣਾ ਚੰਗਾ ਹੁੰਦੈ।

ਇਸ਼ਕ ਮੁਸ਼ਕ ਦੇ ਚਰਚੇ 'ਜ਼ਖ਼ਮੀ' ਹੋਣ ਬੜੇ ਹੀ,
ਲੋਕਾਂ ਖ਼ਾਤਰ ਕਲਮ ਚਲਾਉਣਾ ਚੰਗਾ ਹੁੰਦੈ।

ਕੰਨਾਂ ਦੇ ਵਿੱਚ ਮੁੰਦਰਾਂ ਪਾਈਂ ਫਿਰਦੇ ਹਾਂ।
ਆਪਣਾ ਸੱਭਿਆਚਾਰ ਭੁਲਾਈਂ ਫਿਰਦੇ ਹਾਂ।

ਦਾਰੂ, ਸੁੱਖਾ, ਸੁਲਫਾ ਅਤੇ ਤੰਬਾਕੂ ਦੇ,
ਖੌਰੇ ਕੀ ਕੀ ਵੈਲ ਲਗਾਈਂ ਫਿਰਦੇ ਹਾਂ।

ਕਾਰ, ਸਕੂਟਰ, ਕੋਠੀ ਨੇ ਸਭ ਕਿਸ਼ਤਾਂ 'ਤੇ,
ਐਵੇਂ ਲੋਕਾਂ ਨੂੰ ਭਰਮਾਈਂ ਫਿਰਦੇ ਹਾਂ।

ਮਾਪਿਆਂ ਨੂੰ ਤਾਂ ਹੱਸ ਕੇ ਕਦੇ ਬੁਲਾਇਆ ਨਾ,
ਪਰ ਸਾਧਾਂ ਨੂੰ ਬਾਪ ਬਣਾਈਂ ਫਿਰਦੇ ਹਾਂ।

ਆਪਣੀ ਨੂੰਹ-ਧੀ ਉੱਤੇ ਸੌ ਸੌ ਪਹਿਰੇ ਨੇ,
ਹੋਰਾਂ 'ਤੇ ਅੱਖ ਬੁਰੀ ਟਿਕਾਈਂ ਫਿਰਦੇ ਹਾਂ।

ਬੇਸ਼ੱਕ ਅੰਮ੍ਰਿਤ ਛਕਿਆ ਖੰਡੇ-ਬਾਟੇ ਦਾ,
ਫਿਰ ਵੀ ਜਾਤਾਂ-ਗੋਤ ਲਿਖਾਈਂ ਫਿਰਦੇ ਹਾਂ।

'ਜ਼ਖ਼ਮੀ' ਰੱਬ ਦੇ ਨਾਂ 'ਤੇ ਕੁੱਝ ਕੁ ਖਰਚੇ ਨੇ,
ਤਾਂ ਹੀ ਜੈ ਜੈਕਾਰ ਕਰਾਈਂ ਫਿਰਦੇ ਹਾਂ।



ਯਾਰਾਂ ਮਿੱਤਰਾਂ ਨੂੰ ਹੁਣ ਤਾਂ ਹੀ ਛੱਡ ਦਿੱਤਾ ਅਜ਼ਮਾਉਣਾ।
ਕਿਉਂਕਿ ਹੋਰ ਕਿਸੇ ਨੂੰ ਵੀ ਮੈਂ ਚਾਹੁੰਦਾ ਨਹੀਂ ਗਵਾਉਣਾ।

ਅਕਲਾਂ ਨੇ ਤਾਂ ਗਰਜਾਂ ਖ਼ਾਤਰ ਹੁੰਦਾ ਹੈ ਭਰਮਾਉਣਾ।
ਮਸਤੀ ਦਾ ਵੀ ਕੰਮ ਨਹੀਂ ਹੈ ਅਕਲਾਂ ਨੂੰ ਮਸਤਾਉਣਾ।

ਰੋਂਦਾ ਕੋਈ ਮਿਲ ਜਾਵੇ ਤਾਂ ਉਸ ਨੂੰ ਚੁੱਪ ਕਰਾਈਂ,
ਸੱਚੀਂ-ਮੁੱਚੀਂ ਜੇ ਤੂੰ ਕੋਈ ਚਾਹੇਂ ਪੁੰਨ ਕਮਾਉਣਾ।

ਬੰਦੇ ਦਾ ਹੰਕਾਰ ਅਜੇਹਾ ਝੁਕਣ ਕਦੇ ਨਾ ਦੇਵੇ,
ਦਿਲ ਤੋਂ ਚਾਹੁੰਦਾ ਹੋਵੇ ਭਾਵੇਂ ਗੁੱਸੇ ਗਿਲੇ ਭੁਲਾਉਣਾ।

ਕਰੀਆਂ ਅੱਖਾਂ ਦਾਨ ਜਿਨ੍ਹਾਂ ਨੇ ਮਰ ਕੇ ਵੀ ਨਾ ਮਰਦੇ,
ਏਸੇ ਨੂੰ ਹੀ ਕਹਿਣ ਸਿਆਣੇ ਜੀਵਨ ਸਫ਼ਲ ਬਣਾਉਣਾ।

ਵਾਰੋ ਵਾਰੀ ਧੋਖਾ ਖਾਣਾ, ਕਰਨਾ ਫੇਰ ਭਰੋਸਾ,
ਆਦਤ ਖੋਟੀ ਬਣੀ ਜਿਨ੍ਹਾਂ ਦੀ ਔਖਾ ਹੈ ਸਮਝਾਉਣਾ।

ਜਿਸ ਨੂੰ ਆਪਣਾ ਕਹੀਏ 'ਜ਼ਖ਼ਮੀ', ਓਸੇ ਦੇ ਹੋ ਰਹੀਏ,
ਸਿਰ ਜਾਵੇ ਤਾਂ ਬੇਸ਼ੱਕ ਜਾਵੇ, ਹੁੰਦੈ ਬੋਲ ਪੁਗਾਉਣਾ।

ਹੋਸ਼ ਕਰੋ, ਕੁੱਝ ਸੋਚ ਵਿਚਾਰੋ।
ਪੁੱਤ ਬਰਾਬਰ ਧੀ ਸਤਿਕਾਰੋ।

ਦਾਜ ਬੁਰਾ ਹੈ ਲੈਣਾ ਦੇਣਾ,
ਲੋਕਾਂ ਵਿੱਚ ਇਹੋ ਪ੍ਰਚਾਰੋ।

ਮਾਪਿਆਂ ਦੀ ਕੁਰਬਾਨੀ ਵੱਡੀ,
ਕੋਲ਼ੇ ਬੈਠ ਘੜੀ ਮਨ ਠਾਰੋ।

ਗੋਲਕ ਨੂੰ ਤਾਂ ਸਾਹ ਨਾ ਆਵੇ,
ਡੰਗ ਗਰੀਬਾਂ ਦਾ ਵੀ ਸਾਰੋ।

ਜਿੱਤਾਂ ਹਾਰਾਂ ਕਰੋ ਸਵਾਗਤ,
ਲੜਿਆਂ ਬਾਝੋਂ ਹੀ ਨਾ ਹਾਰੋ।

ਕੇਵਲ ਮੱਥੇ ਹੀ ਨਾ ਟੇਕੋ,
ਬਾਣੀ ਜੀਵਨ ਵਿੱਚ ਉਤਾਰੋ।

'ਜ਼ਖ਼ਮੀ' ਹੱਕ ਕਦੇ ਨਾ ਛੱਡੋ,
ਪਰ ਨਾ ਹੱਕ ਕਿਸੇ ਦਾ ਮਾਰੋ।



ਪੱਤਝੜ ਵਾਂਗ ਬਹਾਰਾਂ ਹੁੰਦੀਆਂ।
ਦੁਸ਼ਮਣ ਜਦ ਦੀਵਾਰਾਂ ਹੁੰਦੀਆਂ।

ਹੋਣ ਇਰਾਦੇ ਪਰਬਤ ਵਰਗੇ,
ਫੇਰ ਕਦੇ ਨਾ ਹਾਰਾਂ ਹੁੰਦੀਆਂ।

ਤਿੜਕ ਰਹੇ ਨੇ ਰਿਸ਼ਤੇ ਤਾਂ ਹੀ,
ਖੰਭੋਂ ਬਣੀਆਂ ਡਾਰਾਂ ਹੁੰਦੀਆਂ।

ਆਉਂਦੈ ਜਦੋਂ ਨਤੀਜਾ ਕੋਈ,
ਮੋਹਰੀ ਨੇ ਮੁਟਿਆਰਾਂ ਹੁੰਦੀਆਂ।

ਖ਼ੁਦਕੁਸ਼ੀਆਂ ਨਾ ਕਰੇ ਕਿਸਾਨੀ,
ਚੰਗੀਆਂ ਜੇ ਸਰਕਾਰਾਂ ਹੁੰਦੀਆਂ।

ਵਿਭਚਾਰੀ ਨਾ ਸੰਤ ਕਹਾਉਂਦੇ,
ਜੇਕਰ ਸੋਚ ਵਿਚਾਰਾਂ ਹੁੰਦੀਆਂ।

ਬਦਲਦੀਆਂ ਤਕਦੀਰਾਂ 'ਜ਼ਖ਼ਮੀ',
ਧੂਹੀਆਂ ਜਦ ਤਲਵਾਰਾਂ ਹੁੰਦੀਆਂ।

ਸੂਲ਼ੀ ਟੰਗੇ ਸੁਪਨੇ ਲੈਂਦੇ ਜਦ ਅੰਗੜਾਈ।
ਠੱਲ੍ਹ ਕਦੇ ਨਾ ਹੁੰਦੀ ਫੇਰ ਸੁਨਾਮੀ ਆਈ।

ਕੁੰਭਕਰਨ ਦੇ ਭਾਈ ਬਣ ਬੈਠੇ ਰਖਵਾਲੇ,
ਚੋਰਾਂ ਨੇ ਵੀ ਕੁੱਤੀ ਆਪਣੇ ਨਾਲ ਰਲ਼ਾਈ।

ਲੋਕ-ਰਾਜ ਦੀ ਚਾਦਰ ਹੋਈ ਲੀਰਾਂ ਲੀਰਾਂ,
ਔਰੰਗੇ ਦੀ ਰੂਹ ਜਦ ਹਾਕਮ ਵਿੱਚ ਸਮਾਈ।

ਕੌਣ ਕਰੂਗਾ ਧਰਮ ਗ੍ਰੰਥਾਂ ਦੀ ਬੇਅਦਬੀ,
ਵੋਟਾਂ ਖ਼ਾਤਰ ਹੋਵੇ ਸਾਰੀ ਜੁਗਤ ਬਣਾਈ।

ਹੋਜੇ ਬੰਦ ਉਸਾਰੀ ਹੁੰਦੀ ਬਿਰਧਘਰਾਂ ਦੀ,
ਜੇਕਰ ਪਤੀ ਵਿਆਹ ਕੇ ਹੋਵੇ ਧੀ ਲਿਆਈ।

ਅੱਜ ਜਿਹਾ ਬੇਚੈਨ ਕਦੇ ਨਾ ਬੰਦਾ ਹੋਇਆ,
ਸਭ ਕੁੱਝ ਹੁੰਦੇ ਹੋਏ ਕਿਹੜੀ ਚੀਜ਼ ਗਵਾਈ?

ਰੋਂਦੇ ਚਿਹਰੇ ਦੇਖ ਜ਼ਮਾਨਾ ਟਲ਼ਦੈ 'ਜ਼ਖ਼ਮੀ',
ਹੱਸ ਕੇ ਉਮਰ ਬਿਤਾਲੈ ਏਸੇ ਵਿੱਚ ਭਲਾਈ।



ਪਹਿਲਾਂ ਵਰਗੀ ਰੱਖਦਾ ਨਾ ਚਿੰਗਾੜੀ ਲੇਖਕ।
ਅੱਜ ਕੱਲ੍ਹ ਤਾਂ ਹੈ ਬਣਿਆ ਖ਼ੂਬ ਜੁਗਾੜੀ ਲੇਖਕ।

ਸਰਕਾਰੀਂ ਦਰਬਾਰੀਂ ਜਦ ਵੀ ਦੇਖੇ ਫ਼ਾਇਦਾ,
ਵਿੰਗੀ ਟੇਢੀ ਪਾ ਲੈਂਦਾ ਹੈ ਆੜੀ ਲੇਖਕ।

ਭਾਵੇਂ ਉਸ ਦੀ ਗੱਲ ਸਮਝ ਨਾ ਆਵੇ ਭੋਰਾ,
ਕਹਿ ਕਹਿ ਕੇ ਮਰਵਾਉਂਦੈ ਫਿਰ ਵੀ ਤਾੜੀ ਲੇਖਕ।

ਲਾਈ ਫੀਤੀ ਹਾਕਮ ਦੀ ਵਿਦਵਾਨ ਬਣਾਵੇ,
ਆਖੀਂ ਜਾਵੋ ਪਿੰਗਲ ਵਿੱਚ ਅਨਾੜੀ ਲੇਖਕ।

ਨਵਾਂ ਲਿਖਾਰੀ ਚੜ੍ਹ ਜਾਵੇ ਜੇ ਧੱਕੇ ਇਸਦੇ,
ਉਸਦੀ ਸਾਰੀ ਪੁੱਟ ਦਿੰਦੈ ਫੁੱਲਵਾੜੀ ਲੇਖਕ।

ਆਪਸ ਦੇ ਵਿੱਚ ਲੜਦਾ ਰਹਿੰਦੈ ਧੜੇ ਬਣਾ ਕੇ,
ਹਰ ਵੇਲੇ ਹੀ ਰੱਖਦੈ ਹੱਥ ਕੁਹਾੜੀ ਲੇਖਕ।

ਕਹਿੰਦਾ ਹੈ ਜੋ 'ਜ਼ਖ਼ਮੀ' ਕਰਦਾ ਆਪ ਦਿਸੇ ਨਾ,
ਸਿੱਖ ਗਿਐ ਬੱਸ ਏਹੋ ਹੀ ਗੱਲ ਮਾੜੀ ਲੇਖਕ।

ਜਾਗੋ, ਉਠੋ, ਨੀਂਦ ਤਿਆਗੋ, ਕਿਰਤੀ ਤੇ ਕਿਰਸਾਨੋਂ।
ਹੱਥੀਂ ਆਪ ਲੁਟਾਈਂ ਜਾਵੋਂ, ਖੇਤ ਪਿਆਰੇ ਜਾਨੋਂ।

ਬੈਂਕ ਵਾਲਿਓ ਕਰਜ਼ੇ ਦੇ ਦੇ, ਲੋਕ ਕਰੋਂ ਕਰਜ਼ਾਈ,
ਕਿਸ਼ਤ ਭਰੀ ਨਾ ਜਾਵੇ ਜੇਕਰ, ਦੇਵੋਂ ਕੱਢ ਮਕਾਨੋਂ।

ਚੋਣਾਂ ਵਿੱਚ ਤੁਸੀਂ ਨੇਤਾ ਜੀ, ਲਾਉਂਦੇ ਝੂਠੇ ਲਾਰੇ,
ਪੰਜ ਵਰ੍ਹੇ ਨਾ ਅੱਖ ਮਿਲਾਵੋਂ, ਮੁੜ ਕੇ ਬੇਈਮਾਨੋਂ।

ਸੋਹਣੇ ਲੰਮੇ ਕੇਸ ਕਟਾ ਕੇ, ਸਿਰ ਤੋਂ ਚੁੰਨੀ ਲਾਹੀ,
ਸ਼ਾਹੀ ਟੌਰ੍ਹ ਪੰਜਾਬਣ ਵਾਲੀ, ਭੁੱਲੀਆਂ ਫਿਰੋਂ ਰਕਾਨੋਂ।

ਡੱਕਾ ਤੋੜ ਕਰੋਂ ਨਾ ਦੂਹਰਾ, ਮਾਪਿਆਂ ਨੂੰ ਤੜਫ਼ਾਇਆ,
ਨਸ਼ਿਆਂ ਦੀ ਆਦਤ ਨੇ ਥੋਡੀ, ਮਾਰੀ ਮੱਤ ਜੁਆਨੋਂ।

ਲੋਕਾਂ ਦੇ ਗਲ਼ ਵੱਢ ਕੇ ਐਵੇਂ, ਭਰਦੇ ਰਹੋਂ ਖਜ਼ਾਨੇ,
ਖ਼ਾਲੀ ਹੱਥ ਤੁਸੀਂ ਵੀ ਜਾਣਾ, ਹੋਸ਼ ਕਰੋ ਧਨਵਾਨੋਂ।

'ਜ਼ਖ਼ਮੀ' ਆਸ ਗਰੀਬਾਂ ਨੂੰ ਹੈ, ਸਿਰਫ਼ ਤੁਹਾਡੇ ਕੋਲੋਂ,
ਹਾਕਮ ਕੋਲੇ ਕਲਮਾਂ ਨੂੰ ਨਾ, ਵੇਚ ਦਿਉ ਵਿਦਵਾਨੋਂ।

•